ਸ਼੍ਰੇਣੀ - ਦਸਵੀਂ

11. ਕਟਾਈ ਅਤੇ ਸਿਲਾਈ

(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

ਸਮਾਂ:2ਘੰਟੇ ਲਿਖਤੀ: 40 ਅੰਕ
ਸਮਾਂ: 3 ਘੰਟੇ ਪ੍ਰਯੋਗੀ: 50 ਅੰਕ
ਸੀ.ਸੀ.ਈ.: 10 ਅੰਕ
ਕੁੱਲ: 100 ਅੰਕ

ਪ੍ਰਸ਼ਨ ਪੱਤਰ ਦੀ ਰੂਪ ਰੇਖਾ

ਪ੍ਰਸ਼ਨ ਪੱਤਰ ਵਿੱਚ ਕੁਲ 20 ਪ੍ਰਸ਼ਨ ਹੋਣਗੇ।

ਭਾਗ-। ਵਿੱਚ ਪ੍ਰਸ਼ਨ ਨੰਬਰ 1 ਤੋਂ 13 ਤੱਕ ਵਸਤੂਨਿਸ਼ਠ ਕਿਸਮ ਦੇ 2-2 ਅੰਕਾਂ ਦੇ ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ ਜਾਂ ਖਾਲੀ ਥਾਂ ਭਰੋ ਜਾਂ ਠੀਕ/ਗਲਤ ਜਾਂ ਬਹੁ-ਭਾਂਤੀ ਉੱਤਰਾਂ ਵਾਲੇ, ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 13×2=26

ਭਾਗ-॥ ਵਿੱਚ ਪ੍ਰਸ਼ਨ ਨੰਬਰ 14 ਤੋਂ 17 ਤੱਕ 3-3 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ ਜਿੰਨਾਂ ਦਾ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 4 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 2×3=6

ਭਾਗ-।।।ਵਿੱਚ ਪ੍ਰਸ਼ਨ ਨੰਬਰ 18 ਤੋਂ 20 ਤੱਕ 4-4 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਪੰਜ ਤੋਂ ਅੱਠ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 3 ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 2×4=8

## ਪ੍ਰਸ਼ਨ ਬੈਂਕ

## ਪਾਠ-1 (ਰੇਸ਼ਾ, ਧਾਗਾ ਅਤੇ ਕੱਪੜਾ)

## ਵਸਤੂਨਿਸ਼ਠ ਪ੍ਰਸ਼ਨ

### ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ-1 ਰੇਸ਼ੇ ਤੋਂ ਕੱਪੜਾ ਬਣਾਉਣ ਲਈ ਰੇਸ਼ੇ ਵਿੱਚ ਕਿਹੜੇ ਮੂਲ ਗੁਣ ਹੋਣੇ ਜ਼ਰੂਰੀ ਹਨ?

ਉੱਤਰ- ਪੰਜ ਮੂਲ ਗੁਣ-1. ਲੰਬਾਈ 2. ਮਜ਼ਬੂਤੀ 3. ਲਚਕੀਲਾਪਨ 4. ਇੱਕਸਾਰਤਾ 5. ਜੁੜਨ ਸ਼ਕਤੀ।

ਪ੍ਰਸ਼ਨ-2 **ਕੱਪੜਾ ਬਣਾਉਣ ਲਈ ਕਿੰਨੇ ਪ੍ਰਕਾਰ ਦੇ ਅਤੇ ਕਿਹੜੇ-ਕਿਹੜੇ ਧਾਗਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ?**

ਉੱਤਰ- ਦੋ ਪ੍ਰਕਾਰ ਦੇ 1. ਲੰਬਾਈ ਦੇ ਰੁਖ਼ ਜਾਂ ਤਾਣਾ 2. ਚੌੜਾਈ ਦੇ ਰੁਖ ਜਾਂ ਪੇਟਾ।

ਪ੍ਰਸ਼ਨ-3. **ਧਾਗਾ, ਰੇਸ਼ੇ ਤੋਂ ਕੱਪੜਾ ਬਣਾਉਣ ਦੀ ਕਿਹੜੀ ਸਥਿਤੀ ਹੈ?**

ਉੱਤਰ- ਵਿਚਕਾਰਲੀ ਸਥਿਤੀ।

ਪ੍ਰਸ਼ਨ-4. **ਰੇਸ਼ਿਆਂ ਦੀ ਜੁੜਨ-ਸ਼ਕਤੀ ਕਿੰਨਾਂ ਅਤੇ ਕਿਹੜੀਆਂ-ਕਿਹੜੀਆਂ ਗੱਲਾਂ ਤੇ ਨਿਰਭਰ ਕਰਦੀ ਹੈ?**

ਉੱਤਰ- ਚਾਰ ਗੱਲਾਂ ਤੇ 1. ਰੇਸ਼ੇ ਦੀ ਲੰਬਾਈ 2. ਰੇਸ਼ੇ ਦੀ ਬਾਰੀਕੀ 3. ਰੇਸ਼ੇ ਦੀ ਸਤਹਿ ਦੀ ਕਿਸਮ 4. ਲਚਕੀਲਾਪਨ।

**ਖਾਲੀ ਸਥਾਨ ਭਰੋ**

5. ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੀ **ਵਿਚਕਾਰਲੀ** ਸਥਿਤੀ ਹੈ।

6. ਰੇਸ਼ਾ ਬਹੁਤ ਬਰੀਕ ਵਾਲ ਵਰਗੀਆਂ ਤੰਦਾਂ ਹਨ।

7. ਵੱਖ-ਵੱਖ ਪੁਸ਼ਾਕਾਂ ਬਣਾਉਣ ਲਈ ਅਨੇਕਾਂ ਪ੍ਰਕਾਰ ਦੇ ਕੱਪੜੇ ਉਪਲਬਧ ਹਨ।

8. ਪਿੰਡ ਵਿੱਚ ਰੂੰ ਦੀਆਂ ਪੂਣੀਆਂ ਨੂੰ ਚਰਖੇ ਨਾਲ ਕੱਤ ਕੇ ਧਾਗਾ ਬਣਾਇਆ ਜਾਂਦਾ ਹੈ।

**ਸਹੀ/ਗਲਤ ਦੱਸੋ**

9. ਪਹਿਲਾਂ ਘਰਾਂ ਵਿੱਚ ਖੱਡੀਆਂ ਤੇ ਕੱਪੜਾ ਤਿਆਰ ਕੀਤਾ ਜਾਂਦਾ ਸੀ। (✓)

10. ਰੇਸ਼ੇ, ਸਟੇਪਲ ਜਾਂ ਫਿਲਾਮੈਂਟ ਦੋ ਤਰ੍ਹਾਂ ਦੇ ਨਹੀਂ ਹੋ ਸਕਦੇ। (✗)

11. ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੀ ਵਿਚਕਾਰਲੀ ਸਥਿਤੀ ਹੈ। (✓)

12. ਰੇਸ਼ੇ ਹੀ ਕੱਪੜੇ ਦੀ ਮੂਲ ਇਕਾਈ ਹਨ। (✓)

**ਬਹੁ ਚੋਣਵੇਂ ਪ੍ਰਸ਼ਨ**

ਪ੍ਰਸ਼ਨ-13 **ਕੱਪੜਾ ਬਣਾਉਣ ਲਈ ਕਿੰਨੇ ਪ੍ਰਕਾਰ ਦੇ ਧਾਗਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ?**

ਉੱਤਰ- 1. ਇੱਕ ਪ੍ਰਕਾਰ ਦੇ 2. ਦੋ ਪ੍ਰਕਾਰ ਦੇ (✓) 3. ਤਿੰਨ ਪ੍ਰਕਾਰ ਦੇ 4. ਚਾਰ ਪ੍ਰਕਾਰ ਦੇ

ਪ੍ਰਸ਼ਨ-14 **ਰੇਸ਼ਿਆਂ ਦੀ ਜੁੜਨ-ਸ਼ਕਤੀ ਕਿੰਨੀਆਂ ਗੱਲਾਂ ਤੇ ਨਿਰਭਰ ਕਰਦੀ ਹੈ?**

ਉੱਤਰ- 1. ਇੱਕ ਗੱਲ ਤੇ 2. ਦੋ ਗੱਲਾਂ ਤੇ 3. ਤਿੰਨ ਗੱਲਾਂ ਤੇ 4. ਚਾਰ ਗੱਲਾਂ ਤੇ। (✓)

ਪ੍ਰਸ਼ਨ-15 **ਰੇਸ਼ੇ ਤੋਂ ਕੱਪੜਾ ਬਣਾਉਣ ਲਈ ਕਿੰਨੇ ਮੂਲ ਗੁਣ ਹੋਣੇ ਚਾਹੀਦੇ ਹਨ?**

ਉੱਤਰ- 1. ਇੱਕ ਗੁਣ 2. ਤਿੰਨ ਗੁਣ 3. ਚਾਰ ਗੁਣ 4. ਪੰਜ ਗੁਣ (✓)

ਪ੍ਰਸ਼ਨ-16 **ਧਾਗਾ ਕਿੰਨੇ ਰੇਸ਼ਿਆਂ ਨੂੰ ਇੱਕਠਾ ਮਿਲਾਕੇ ਜਾਂ ਕੱਤਕੇ ਬਣਾਇਆ ਜਾਂਦਾ ਹੈ?**

ਉੱਤਰ- 1. ਇੱਕ ਰੇਸ਼ੇ ਨੂੰ 2. ਕਈ ਰੇਸ਼ਿਆਂ ਨੂੰ (✓) 3. ਦੋ ਰੇਸ਼ਿਆਂ ਨੂੰ 4. ਤਿੰਨ ਰੇਸ਼ਿਆਂ ਨੂੰ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ-17 **ਕੱਪੜੇ ਦੇ ਸੰਦਰਭ ਵਿੱਚ ਰੇਸ਼ੇ ਤੋਂ ਕੀ ਭਾਵ ਹੈ?**

ਉੱਤਰ- ਬਹੁਤ ਬਾਰੀਕ ਵਾਲ ਵਰਗੀਆਂ ਤੰਦਾਂ ਜੋ ਕਿ ਹਰ ਪ੍ਰਕਾਰ ਦੇ ਕੱਪੜੇ ਦੀ ਮੂਲ ਇਕਾਈ ਹਨ ਨੂੰ, ਰੇਸ਼ਾ ਕਿਹਾ ਜਾਂਦਾ ਹੈ।

ਪ੍ਰਸ਼ਨ-18 **ਕੱਪੜੇ ਦੇ ਸੰਦਰਭ ਵਿੱਚ ਧਾਗੇ ਤੋਂ ਕੀ ਭਾਵ ਹੈ?**

ਉੱਤਰ- ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੀ ਵਿਚਕਾਰਲੀ ਸਥਿਤੀ ਹੈ। ਧਾਗਾ ਕਈ ਰੇਸ਼ਿਆਂ ਨੂੰ ਇੱਕਠੇ ਮਿਲਾ ਕੇ ਜਾਂ ਕੱਤ ਕੇ ਜਾਂ ਵੱਟ ਦੇ ਕੇ ਬਣਾਇਆ ਜਾਂਦਾ ਹੈ।

ਪ੍ਰਸ਼ਨ-19 **ਕੱਪੜੇ ਦੀ ਬੁਣਾਈ ਕਿਸ ਤੋਂ ਅਤੇ ਕਿਵੇਂ ਕੀਤੀ ਜਾਂਦੀ ਹੈ?**

ਉੱਤਰ- ਕੱਪੜਾ ਬਣਾਉਣ ਲਈ ਛੋਟੇ ਰੇਸ਼ਿਆਂ ਨੂੰ ਧਾਗੇ ਦਾ ਰੂਪ ਦੇਣ ਮਗਰੋਂ ਧਾਗਿਆਂ ਨੂੰ ਆਪਸੀ ਵਿਉਂਤਬੰਦੀ ਨਾਲ ਖੱਡੀ ਜਾਂ ਮਸ਼ੀਨਾਂ ਰਾਹੀਂ ਬੁਣਕੇ ਕੱਪੜਾ ਤਿਆਰ ਕੀਤਾ ਜਾਂਦਾ ਹੈ।

ਪ੍ਰਸ਼ਨ-20 **ਰੇਸ਼ੇ ਤੋਂ ਧਾਗਾ ਕਿਵੇਂ ਬਣਾਇਆ ਜਾਂਦਾ ਹੈ?**

ਉੱਤਰ- ਰੇਸ਼ਿਆਂ ਨੂੰ ਖਿੱਚਕੇ, ਸਿੱਧਾ ਕਰਕੇ ਅਤੇ ਵਟ ਦੇ ਕੇ ਧਾਗਾ ਤਿਆਰ ਕੀਤਾ ਜਾਂਦਾ ਹੈ। ਰੇਸ਼ਿਆਂ ਦੀ ਕਿਸਮ ਅਨੁਸਾਰ ਉਨ੍ਹਾਂ ਦੀ ਕਤਾਈ ਕੀਤੀ ਜਾਂਦੀ ਹੈ। ਮਨੁੱਖ ਦੁਆਰਾ ਬਣਾਏ ਰੇਸ਼ਿਆਂ ਨੂੰ ਵੀ ਆਪਸ ਵਿੱਚ ਮਿਲਾਕੇ ਧਾਗੇ ਦਾ ਰੂਪ ਦਿੱਤਾ ਜਾਂਦਾ ਹੈ।

ਪ੍ਰਸ਼ਨ-21 **ਰੇਸ਼ੇ ਨੂੰ ਕੱਪੜੇ ਦੀ ਮੂਲ ਇਕਾਈ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਕੱਪੜਾ ਬਣਾਉਣ ਲਈ ਰੇਸ਼ੇ ਦੀ ਹੋਂਦ ਜ਼ਰੂਰੀ ਹੈ ਕਿਉਂਕਿ ਰੇਸ਼ੇ ਤੋਂ ਹੀ ਧਾਗਾ ਬਣਾਇਆ ਜਾਂਦਾ ਹੈ। ਅੱਗੇ ਧਾਗੇ ਤੋਂ ਬੁਣਾਈ ਦੁਆਰਾ ਕੱਪੜਾ ਤਿਆਰ ਕੀਤਾ ਜਾਂਦਾ ਹੈ। ਇਸ ਲਈ ਰੇਸ਼ੇ ਨੂੰ ਕੱਪੜੇ ਦੀ ਮੂਲ ਇਕਾਈ ਕਿਹਾ ਜਾਂਦਾ ਹੈ।

ਪ੍ਰਸ਼ਨ-22 **ਰੇਸ਼ੇ ਤੋਂ ਕੱਪੜਾ ਬਣਾਉਣ ਦੀ ਵਿਚਕਾਰਲੀ ਸਥਿਤੀ ਕਿਹੜੀ ਹੈ?**

ਉੱਤਰ- ਸਭ ਤੋਂ ਪਹਿਲਾਂ ਰੇਸ਼ੇ ਤੋਂ ਧਾਗਾ ਬਣਾਇਆ ਜਾਂਦਾ ਹੈ। ਫਿਰ ਧਾਗੇ ਤੋਂ ਕੱਪੜਾ ਬਣਾਇਆ ਜਾਂਦਾ ਹੈ ਭਾਵ ਰੇਸ਼ਾ-ਧਾਗਾ-ਕੱਪੜਾ। ਇਸ ਤਰ੍ਹਾਂ ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੀ ਵਿਚਕਾਰਲੀ ਸਥਿਤੀ ਹੈ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-23 **ਰੇਸ਼ਾ ਅਤੇ ਧਾਗੇ ਤੋਂ ਕੀ ਭਾਵ ਹੈ?**

ਉੱਤਰ- 1. ਰੇਸ਼ਾ:- ਰੇਸ਼ੇ ਬਹੁਤ ਬਾਰੀਕ ਵਾਲਾਂ ਵਰਗੀਆਂ ਤੰਦਾਂ ਹਨ। ਇਹ ਹਰ ਕਿਸਮ ਦੇ ਕੱਪੜੇ ਦੀ ਮੂਲ ਇਕਾਈ ਹਨ।

2. ਧਾਗਾ:- ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੀ ਵਿਚਕਾਰਲੀ ਸਥਿਤੀ ਹੈ। ਧਾਗਾ ਕਈ ਰੇਸ਼ਿਆਂ ਨੂੰ ਇੱਕਠੇ ਮਿਲਾਕੇ ਜਾਂ ਕੱਤ ਕੇ ਜਾਂ ਵੱਟ ਦੇ ਕੇ ਬਣਾਇਆ ਜਾਂਦਾ ਹੈ।

ਪ੍ਰਸ਼ਨ-24 **ਕੱਪੜਾ ਬਣਾਉਣ ਲਈ ਰੇਸ਼ੇ ਅਤੇ ਧਾਗੇ ਵਿੱਚੋਂ ਕਿਸ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਕਿਉਂ?**

ਉੱਤਰ- ਕੱਪੜਾ ਬਣਾਉਣ ਲਈ ਰੇਸ਼ੇ ਅਤੇ ਧਾਗੇ ਵਿੱਚੋਂ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਧਾਗਾ ਲੰਬਾ, ਮੋਟਾ ਤੇ ਮਜ਼ਬੂਤ ਹੁੰਦਾ ਹੈ। ਤਾਣੇ ਅਤੇ ਪੇਟੇ ਦੇ ਧਾਗਿਆਂ ਨੂੰ ਆਪਸ ਵਿੱਚ ਬੁਣਕੇ ਕੱਪੜਾ ਬਣਾਇਆ ਜਾਂਦਾ ਹੈ। ਦੂਜੇ ਰੇਸ਼ੇ ਲੰਬੇ ਤੇ ਮੋਟੇ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਖੱਡੀ ਜਾਂ ਮਸ਼ੀਨਾਂ ਤੇ ਸਿੱਧਾ ਚੜ੍ਹਾ ਕੇ ਕੱਪੜਾ ਨਹੀਂ ਬਣਾਇਆ ਜਾ ਸਕਦਾ। ਕੱਪੜਾ ਬਣਾਉਣ ਲਈ। ਰੇਸ਼ਿਆਂ ਨੂੰ ਪਹਿਲਾਂ ਧਾਗੇ ਦਾ ਰੂਪ ਦੇਣਾ ਜ਼ਰੂਰੀ ਹੁੰਦਾ ਹੈ। ਇਸ ਲਈ ਕੱਪੜਾ ਬਣਾਉਣ ਲਈ ਧਾਗੇ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਸ਼ਨ-25 **ਰੇਸ਼ੇ ਤੋਂ ਕੱਪੜਾ ਬਣਾਉਣ ਲਈ ਤਿੰਨ ਮੂਲ ਗੁਣਾਂ ਬਾਰੇ ਦੱਸੋ ਅਤੇ ਕਿਸੇ ਇੱਕ ਗੁਣ ਦੀ ਵਿਆਖਿਆ ਕਰੋ?**

ਉੱਤਰ- ਕੁਦਰਤ ਵਿੱਚ ਅਨੇਕਾਂ ਪ੍ਰਕਾਰ ਦੇ ਰੇਸ਼ੇ ਮਿਲਦੇ ਹਨ ਪਰ ਰੇਸ਼ਿਆਂ ਤੋਂ ਕੱਪੜਾ ਬਣਾਉਣ ਲਈ ਇਨ੍ਹਾਂ ਵਿੱਚ ਕੁਝ ਮੂਲ ਗੁਣ ਹੋਣੇ ਜ਼ਰੂਰੀ ਹਨ ਤਾਂ ਹੀ ਇਨ੍ਹਾਂ ਰੇਸ਼ਿਆਂ ਤੋਂ ਕੱਪੜਾ ਬਣਾਇਆ ਜਾ ਸਕਦਾ ਹੈ। ਇਹ ਮੂਲ ਗੁਣ ਇਸ ਤਰ੍ਹਾਂ ਹਨ:-

1. ਰੇਸ਼ੇ ਦੇ ਰੂਪ ਵਿੱਚ ਹੋਣਾ 2. ਮਜ਼ਬੂਤੀ 3. ਲਚਕੀਲਾਪਨ 4. ਇੱਕਸਾਰਤਾ 5. ਜੁੜਨ ਸ਼ਕਤੀ। ਇਨ੍ਹਾਂ ਵਿੱਚ ਇੱਕ ਦਾ ਵਰਨਣ ਇਸ ਤਰ੍ਹਾਂ ਹੈ:-

**ਜੁੜਨ ਸ਼ਕਤੀ:-** ਚੰਗੀ ਕਤਾਈ ਲਈ ਰੇਸ਼ਿਆਂ ਵਿੱਚ ਆਪਸ ਵਿੱਚ ਜੁੜ ਸਕਣ ਦੀ ਸ਼ਕਤੀ ਹੋਣੀ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦੀ ਕਤਾਈ ਹੋ ਸਕੇ।

ਪ੍ਰਸ਼ਨ-26 **ਰੇਸ਼ੇ ਤੋਂ ਕੱਪੜਾ ਬਣਾਉਣ ਲਈ ਮੂਲ ਪੰਜ ਗੁਣਾਂ ਤੋਂ ਇਲਾਵਾ ਹੋਰ ਕਿਹੜੇ ਗੁਣ ਰੇਸ਼ਿਆਂ ਵਿੱਚ ਹੋ ਸਕਦੇ ਹਨ?**

ਉੱਤਰ- ਰੇਸ਼ਿਆਂ ਵਿੱਚ ਮੂਲ ਪੰਜ ਗੁਣਾਂ ਤੋਂ ਇਲਾਵਾ ਹੇਠ ਲਿਖੇ ਹੋਰ ਵੀ ਗੁਣ ਹੋ ਸਕਦੇ ਹਨ ਜਿਨ੍ਹਾਂ ਨਾਲ ਕੱਪੜੇ ਦੀ ਸ਼ਾਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ ਜਿਵੇਂ ਕਿ:-

1. ਦਿਖ (ਚਮਕ) 2. ਪਾਣੀ ਸੋਖਣ ਦੀ ਸਮੱਰਥਾ 3. ਚਿਪਕਨਾ 4. ਅੱਗ ਸਹਿਨ ਅਤੇ ਸੜਨ ਦੀ ਸਮਰੱਥਾ 5. ਸੰਘਣਾਪਨ 6. ਤਾਪ ਪ੍ਰਤੀ ਰੋਧਿਕਤਾ 7. ਤੇਜ਼ਾਬ ਅਤੇ ਖਾਰਾਪਨ ਸਹਿਨ ਦੀ ਸ਼ਕਤੀ 8. ਵੱਟ ਨਾ ਪੈਣਾ 9. ਵਲਦਾਰ ਹੋਣਾ ਆਦਿ।

ਪ੍ਰਸ਼ਨ-27 **ਕੱਪੜਾ ਕਿਵੇਂ ਬਣਾਇਆ ਜਾਂਦਾ ਹੈ ਅਤੇ ਕੱਪੜਾ ਬਣਾਉਣ ਲਈ ਕਿੰਨੇ ਧਾਗਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ?**

ਉੱਤਰ- ਕੱਪੜਾ ਬਣਾਉਣ ਲਈ ਛੋਟੇ ਰੇਸ਼ਿਆਂ ਨੂੰ ਧਾਗੇ ਦਾ ਰੂਪ ਦੇਣ ਮਗਰੋਂ ਧਾਗਿਆਂ ਨੂੰ ਆਪਸ ਵਿੱਚ ਵਿਉਂਤਬੰਦੀ ਨਾਲ ਖੱਡੀ ਜਾਂ ਮਸ਼ੀਨਾਂ ਦੁਆਰਾ ਬੁਣਕੇ ਕੱਪੜਾ ਤਿਆਰ ਕੀਤਾ ਜਾਂਦਾ ਹੈ। ਵੱਖ-ਵੱਖ ਤਰ੍ਹਾਂ ਦੀ ਬੁਣਾਈ ਨਾਲ ਧਾਗੇ ਤੋਂ ਵੱਖ-ਵੱਖ ਪ੍ਰਕਾਰ ਦਾ ਕੱਪੜਾ ਤਿਆਰ ਕੀਤਾ ਜਾ ਸਕਦਾ ਹੈ। ਕੱਪੜਾ ਬਣਾਉਣ ਲਈ ਦੋ ਪ੍ਰਕਾਰ ਦੇ ਧਾਗਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

1. ਲੰਬਾਈ ਦੇ ਰੁਖ਼ ਜਾਂ ਤਾਣਾ 2. ਚੌੜਾਈ ਦੇ ਰੁਖ਼ ਜਾਂ ਪੇਟਾ। ਤਾਣੇ ਅਤੇ ਪੇਟੇ ਦੇ ਧਾਗਿਆਂ ਨੂੰ ਆਪਸ ਵਿੱਚ ਬੁਣਕੇ ਕੱਪੜਾ ਬਣਾਇਆ ਜਾਂਦਾ ਹੈ।

## ਪਾਠ-2 (ਰੇਸ਼ਿਆਂ ਦਾ ਵਰਗੀਕਰਨ)

## ਵਸਤੂਨਿਸ਼ਠ ਪ੍ਰਸ਼ਨ

**ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ-1 **ਲੰਬਾਈ ਅਨੁਸਾਰ ਰੇਸ਼ਿਆਂ ਨੂੰ ਕਿੰਨੀਆਂ ਤੇ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ?**

ਉੱਤਰ- ਦੋ ਸ਼੍ਰੇਣੀਆਂ:- 1. ਸਟੇਪਲ ਰੇਸ਼ੇ 2. ਫਿਲਾਮੈਂਟ ਰੇਸ਼ੇ

ਪ੍ਰਸ਼ਨ-2 **ਸਿਲਕ ਦੇ ਰੇਸ਼ੇ ਦੀ ਲੰਬਾਈ ਕਿੰਨੀ ਹੋ ਸਕਦੀ ਹੈ?**

ਉੱਤਰ- 1800 ਗਜ਼ ਤੱਕ

ਪ੍ਰਸ਼ਨ-3 **ਸਟੇਪਲ ਰੇਸ਼ਿਆਂ ਦੀਆਂ ਉਦਾਹਰਣਾਂ ਦਿਓ।**

ਉੱਤਰ- ਸੂਤੀ, ਸਣ, ਪਟਸਨ, ਊਨੀ ਆਦਿ

ਪ੍ਰਸ਼ਨ-4 **ਫਿਲਾਮੈਂਟ ਰੇਸ਼ੇ ਦੀਆਂ ਉਦਹਾਰਣਾਂ ਦਿਓ।**

ਉੱਤਰ- ਸਿਲਕ, ਰੇਔਨ, ਨਾਈਲੋਨ, ਪੌਲੀਐਸਟਰ ਆਦਿ

ਪ੍ਰਸ਼ਨ-5 **ਪ੍ਰਾਪਤੀ ਦੇ ਸਾਧਨ ਅਨੁਸਾਰ ਰੇਸ਼ਿਆਂ ਦੀਆਂ ਕਿੰਨੀਆਂ ਅਤੇ ਕਿਹੜੀਆਂ ਕਿਸਮਾਂ ਹਨ?**

ਉੱਤਰ- ਦੋ ਕਿਸਮਾਂ- 1. ਕੁਦਰਤੀ ਰੇਸ਼ੇ 2. ਬਣਾਉਟੀ ਰੇਸ਼ੇ

**ਖਾਲੀ ਸਥਾਨ ਭਰੋ**

6. ਸਿਲਕ ਦੇ ਰੇਸ਼ੇ ਦੀ ਲੰਬਾਈ **1800 ਗਜ਼** ਤੱਕ ਹੋ ਸਕਦੀ ਹੈ।

7. ਪੌਦਿਆਂ, ਜਾਨਵਰਾਂ ਅਤੇ ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ਿਆਂ ਨੂੰ **ਕੁਦਰਤੀ ਰੇਸ਼ੇ** ਆਖਦੇ ਹਨ।

8. ਰਸਾਇਣਾਂ ਨੂੰ ਆਪਸ ਵਿੱਚ ਮਿਲਾਕੇ ਤਿਆਰ ਕੀਤੇ ਰੇਸ਼ਿਆਂ ਨੂੰ **ਬਣਾਉਟੀ ਰੇਸ਼ੇ** ਆਖਦੇ ਹਨ।

9. ਬਨਸਪਤਿਕ ਰੇਸ਼ੇ **ਤੇਜ਼ਾਬ** ਵਿੱਚ ਪਾਉਣ ਨਾਲ ਨਸ਼ਟ ਹੋ ਜਾਂਦੇ ਹਨ।

**ਸਹੀ/ਗਲਤ ਦਸੋ**

10. ਛੋਟੀ ਲੰਬਾਈ ਵਾਲੇ ਰੇਸ਼ਿਆਂ ਨੂੰ ਸਟੇਪਲ ਰੇਸ਼ੇ ਆਖਦੇ ਹਨ। (✓)

11. ਜ਼ਿਆਦਾ ਲੰਬਾਈ ਵਾਲੇ ਰੇਸ਼ਿਆਂ ਨੂੰ ਫਿਲਾਮੈਂਟ ਕਹਿੰਦੇ ਹਨ। (✓)

12. ਐਸਬੈਸਟਸ ਰੇਸ਼ਾ ਪੌਦਿਆਂ ਤੋਂ ਪ੍ਰਾਪਤ ਹੁੰਦਾ ਹੈ। (✕)

13. ਖਾਰ ਵਿੱਚ ਪਾਉਣ ਨਾਲ ਉੱਨ ਅਤੇ ਰੇਸ਼ਮ ਦੇ ਰੇਸ਼ੇ ਘੁਲਦੇ ਨਹੀਂ। (✕)

**ਬਹੁ ਚੋਣਵੇਂ ਪ੍ਰਸ਼ਨ**

ਪ੍ਰਸ਼ਨ-14 **ਰੇਸ਼ੇ ਕਿੰਨੀ ਕਿਸਮ ਦੇ ਹੁੰਦੇ ਹਨ?**

ਉੱਤਰ- 1. ਤਿੰਨ ਕਿਸਮ 2. ਚਾਰ ਕਿਸਮ **3. ਦੋ ਕਿਸਮ. (✓)**

ਪ੍ਰਸ਼ਨ-15 **ਸਿਲਕ ਦੇ ਰੇਸ਼ੇ ਦੀ ਲੰਬਾਈ ਕਿੰਨੇ ਗਜ਼ ਤੱਕ ਹੋ ਸਕਦੀ ਹੈ?**

ਉੱਤਰ- 1. 100 ਗਜ਼ 2. 200 ਗਜ਼ **3. 1800 ਗਜ਼ (✓)**

ਪ੍ਰਸ਼ਨ-16 **ਮਨੁੱਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਨੂੰ ਕੀ ਆਖਦੇ ਹਨ?**

ਉੱਤਰ- 1. ਕੁਦਰਤੀ ਰੇਸ਼ੇ 2. ਸਟੇਪਲ ਰੇਸ਼ੇ 3. ਫਿਲਾਮੈਂਟ ਰੇਸ਼ੇ **4. ਬਣਾਉਟੀ ਰੇਸ਼ੇ (✓)**

ਪ੍ਰਸ਼ਨ-17 **ਹੇਠ ਲਿਖੀਆਂ ਧਾਂਤਾ ਵਿੱਚੋਂ ਕਿਹੜੀ ਧਾਤ ਤੋਂ ਬਣਾਉਟੀ ਰੇਸ਼ੇ ਪ੍ਰਾਪਤ ਹੁੰਦੇ ਹਨ।**

ਉੱਤਰ- 1. ਲੋਹਾ 2. ਤਾਂਬਾ 3. ਸੋਨਾ (✓) 4. ਜਿੰਕ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-18 **ਰੇਸ਼ਿਆਂ ਦੀ ਲੰਬਾਈ ਦੇ ਆਧਾਰ ਤੇ ਉਹਨਾਂ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?**

ਉੱਤਰ- ਰੇਸ਼ਿਆਂ ਨੂੰ ਲੰਬਾਈ ਦੇ ਆਧਾਰ ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਛੋਟੇ ਰੇਸ਼ੇ ਜਾਂ ਸਟੇਪਲ ਰੇਸ਼ੇ- ਕੁਦਰਤ ਰੂਪ ਵਿੱਚ ਮਿਲਣ ਵਾਲੇ ਸਾਰੇ ਰੇਸ਼ੇ ਸਟੇਪਲ ਹੀ ਹੁੰਦੇ ਹਨ। ਜਿਵੇਂ ਕਿ ਸੂਤੀ, ਲਿਨਨ, ਸਣ, ਪਟਸਨ (ਜੂਟ), ਊਨੀ ਐਸਬੈਸਟਸ ਆਦਿ।

2. ਲੰਬੇ ਰੇਸ਼ੇ ਜਾਂ ਫਿਲਾਮੈਂਟ ਰੇਸ਼ੇ:-? ਸਿਲਕ ਦਾ ਰੇਸ਼ਾ ਹੀ ਇੱਕ ਅਜਿਹਾ ਕੁਦਰਤੀ ਰੇਸ਼ਾ ਹੈ ਜਿਸ ਦੀ ਲੰਬਾਈ 1800 ਗਜ਼ ਤੱਕ ਹੋ ਸਕਦੀ ਹੈ।

ਪ੍ਰਸ਼ਨ-19 **ਰੇਸ਼ਿਆਂ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ?**

ਉੱਤਰ- ਰੇਸ਼ਿਆਂ ਦੀ ਪ੍ਰਾਪਤੀ ਦੋ ਆਧਾਰਾਂ ਤੋਂ ਹੁੰਦੀ ਹੈ।

1. ਕੁਦਰਤੀ ਰੇਸ਼ੇ-

(i) ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ

(ii) ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ।

2. ਮਨੁੱਖ ਦੁਆਰਾ ਤਿਆਰ ਕੀਤੇ ਜਾਂ ਬਣਾਉਟੀ ਰੇਸ਼ੇ

ਪ੍ਰਸ਼ਨ-20 **ਕੁਦਰਤੀ ਬਨਸਪਤੀ ਰੇਸ਼ਿਆਂ ਤੋਂ ਕੀ ਭਾਵ ਹੈ?**

ਉੱਤਰ- ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ਿਆਂ ਨੂੰ ਕੁਦਰਤੀ ਬਨਸਪਤੀ ਰੇਸ਼ੇ ਕਿਹਾ ਜਾਂਦਾ ਹੈ। ਇਹ ਰੇਸ਼ੇ ਪੌਦਿਆਂ ਦੇ ਬੀਜਾਂ ਦੇ ਵਾਲਾਂ ਦੇ ਰੂਪ ਵਿੱਚ ਕਪਾਹ ਅਤੇ ਤਣਿਆਂ ਦੇ ਰੇਸ਼ਿਆਂ ਦੇ ਰੂਪ ਵਿੱਚ ਸਣ, ਪਟਸਨ ਆਦਿ ਹਨ।

**ਪ੍ਰਸ਼ਨ-21 ਕੁਦਰਤੀ ਪ੍ਰੋਟੀਨ ਰੇਸ਼ਿਆਂ ਤੋਂ ਕੀ ਭਾਵ ਹੈ?**

ਉੱਤਰ- ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ਿਆਂ ਨੂੰ ਕੁਦਰਤੀ ਪ੍ਰੋਟੀਨ ਰੇਸ਼ੇ ਕਿਹਾ ਜਾਂਦਾ ਹੈ। ਇਹ ਰੇਸ਼ੇ ਜਾਨਵਰਾਂ ਦੇ ਵਾਲਾਂ ਦੇ ਰੂਪ ਵਿੱਚ ਉੱਨ ਅਤੇ ਰੇਸ਼ਮ ਦੇ ਕੀੜਿਆਂ ਤੋਂ ਰੇਸ਼ਮ ਦੇ ਰੂਪ ਵਿੱਚ ਪ੍ਰਾਪਤ ਹੁੰਦੇ ਹਨ।

**ਪ੍ਰਸ਼ਨ-22 ਮਨੁੱਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ?**

ਉੱਤਰ- ਮਨੁੱਖ ਦੁਆਰਾ ਤਿਆਰ ਕੀਤੇ ਗਏ ਰੇਸ਼ੇ:-

1. ਸੈਲੂਲੋਜ਼ ਤੋਂ ਬਣੇ ਰੇਸ਼ੇ ਜਿਵੇਂ ਰੇਔਨ।
2. ਤਾਪ ਲਚਕੀਲੇ ਰੇਸ਼ੇ ਜਿਵੇਂ ਨਾਈਲੋਨ, ਪੌਲੀਐਸਟਰ
3. ਧਾਤਾਂ ਤੋਂ ਬਣੇ ਰੇਸ਼ੇ ਜਿਵੇਂ ਸੋਨਾ-ਚਾਂਦੀ ਦੇ ਰੇਸ਼ੇ
4. ਸ਼ੀਸ਼ੇ ਤੋਂ ਬਣੇ ਰੇਸ਼ੇ

**ਪ੍ਰਸ਼ਨ-23 ਪ੍ਰਾਪਤੀ ਦੇ ਆਧਾਰ ਤੇ ਵੰਡਣ ਸਮੇਂ ਹੇਠ ਲਿਖੇ ਰੇਸ਼ਿਆਂ ਨੂੰ ਕਿਸ ਸ਼੍ਰੇਣੀ ਹੇਠ ਵਰਗੀਕ੍ਰਿਤ ਕਰੋਗੇ?**

1. ਸੂਤੀ 2. ਉੱਨ 3. ਸਿਲਕ 4. ਨਾਈਲੋਨ

ਉੱਤਰ- 1. ਸੂਤੀ:- ਇਹ ਕੁਦਰਤੀ ਰੇਸ਼ੇ ਹਨ ਜੋ ਪੌਦਿਆਂ ਤੋਂ ਪ੍ਰਾਪਤ ਹੁੰਦੇ ਹਨ।

2. ਉੱਨ- ਇਹ ਕੁਦਰਤੀ ਰੇਸ਼ੇ ਹਨ ਜੋ ਜਾਨਵਰਾਂ ਤੋਂ ਪ੍ਰਾਪਤ ਹੁੰਦੇ ਹਨ।

3.ਸਿਲਕ- ਇਹ ਕੁਦਰਤੀ ਰੇਸ਼ੇ ਹਨ ਜੋ ਰੇਸ਼ਮ ਦੇ ਕੀੜਿਆਂ ਤੋਂ ਪ੍ਰਾਪਤ ਹੁੰਦੇ ਹਨ।

4.ਨਾਈਲੋਨ- ਇਹ ਮਨੁੱਖ ਦੁਆਰਾ ਬਣਾਏ ਗਏ ਬਣਾਉਟੀ ਰੇਸ਼ੇ ਹਨ।

## ਛੋਟੋ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-24 **ਰੇਸ਼ਿਆਂ ਦੀ ਲੰਬਾਈ ਦੇ ਆਧਾਰ ਤੇ ਉਨ੍ਹਾਂ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?**

ਉੱਤਰ- 1. ਛੋਟੇ ਰੇਸ਼ੇ ਜਾਂ ਸਟੇਪਲ ਰੇਸ਼ੇ:- ਇਨ੍ਹਾਂ ਰੇਸ਼ਿਆਂ ਦੀ ਲੰਬਾਈ ਬਹੁਤ ਛੋਟੀ ਹੁੰਦੀ ਹੈ। ਇਸ ਦੀ ਲੰਬਾਈ ਇੰਚਾਂ ਜਾਂ ਸੈਂਟੀਮੀਟਰਾਂ ਵਿੱਚ ਮਾਪੀ ਜਾਂਦੀ ਹੈ। ਇਹ ਆਮ ਤੌਰ ਤੇ ਅੱਧਾ ਇੰਚ ਤੋਂ ਲੈ ਕੇ ਕੁਝ ਇੰਚ ਲੰਬੇ ਹੁੰਦੇ ਹਨ। ਸਿਲਕ ਤੋਂ ਇਲਾਵਾ ਸਾਰੇ ਕੁਦਰਤੀ ਰੇਸ਼ੇ ਸਟੇਪਲ ਰੇਸ਼ੇ ਹਨ।

2. ਲੰਬੇ ਰੇਸ਼ੇ:- (ਫਿਲਾਮੈਂਟ) ਇਨ੍ਹਾਂ ਰੇਸ਼ਿਆਂ ਦੀ ਲੰਬਾਈ ਜ਼ਿਆਦਾ ਹੁੰਦੀ ਹੈ। ਇਸ ਨੂੰ ਮੀਟਰਾਂ ਵਿੱਚ ਜਾਂ ਗਜ਼ ਵਿੱਚ ਨਾਪਿਆ ਜਾਂਦਾ ਹੈ। ਸਿਲਕ ਅਤੇ ਬਨਾਵਟੀ ਰੇਸ਼ੇ ਫਿਲਾਮੈਂਟ ਰੇਸ਼ੇ ਹੁੰਦੇ ਹਨ।

ਪ੍ਰਸ਼ਨ-25 **ਮਨੁੱਖ ਦੁਆਰਾ ਤਿਆਰ ਰੇਸ਼ਿਆਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?**

ਉੱਤਰ- ਮਨੁੱਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਨੂੰ ਮੁੱਖ ਚਾਰ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ:-

1. **ਸੈਲੂਲੋਜ ਤੋਂ ਪ੍ਰਾਪਤ ਹੋਣ ਵਾਲੇ ਬਣਾਉਟੀ ਰੇਸ਼ੇ:-** ਇਹ ਰੇਸ਼ੇ ਲੱਕੜੀ ਜਾਂ ਕਪਾਹ ਦੇ ਛੋਟੇ ਰੇਸ਼ਿਆਂ ਨੂੰ ਰਸਾਇਣ ਪਦਾਰਥਾਂ ਨਾਲ ਮਿਲਾ ਕੇ ਬਣਾਏ ਜਾਂਦੇ ਹਨ।

2. **ਥਰਮੋਪਲਾਸਟਿਕ ਰੇਸ਼ੇ:-** ਜ਼ਿਆਦਾ ਗਰਮੀ ਮਿਲਣ ਤੇ ਇਹ ਰੇਸ਼ੇ ਪਿਘਲ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਥਰਮੋਪਲਾਸਟਿਕ ਰੇਸ਼ੇ ਕਿਹਾ ਜਾਂਦਾ ਹੈ। ਜਿਵੇਂ ਕਿ-ਨਾਈਲੋਨ, ਪੌਲੀਐਸਟਰ ਅਤੇ ਐਸੀਟੇਟ ਆਦਿ।

3. **ਧਾਤ ਤੋਂ ਪ੍ਰਾਪਤ ਹੋਣ ਵਾਲੇ ਬਣਾਉਟੀ ਰੇਸ਼ੇ:-** ਇਹ ਸੋਨਾ, ਚਾਂਦੀ ਅਤੇ ਐਲੂਮੀਨੀਅਮ ਦੀਆਂ ਧਾਤਾਂ ਤੋਂ ਬਣਦੇ ਹਨ।

4. ਗਲਾਸ ਫਾਇਬਰ (ਸ਼ੀਸ਼ੇ ਤੋਂ ਪ੍ਰਾਪਤ ਰੇਸ਼ੇ) ਸ਼ੀਸ਼ੇ ਨੂੰ ਪਿਘਲਾ ਕੇ ਇਹ ਰੇਸ਼ੇ ਤਿਆਰ ਕੀਤੇ ਜਾਂਦੇ ਹਨ।

ਪ੍ਰਸ਼ਨ-26 **ਰੇਸ਼ਿਆਂ ਦੀ ਪਹਿਚਾਣ ਕਿਸ ਆਧਾਰ ਤੇ ਕੀਤੀ ਜਾਂਦੀ ਹੈ?**

ਉੱਤਰ- ਰੇਸ਼ਿਆਂ ਦੀ ਪਹਿਚਾਣ ਲਈ ਕਈ ਤਰ੍ਹਾਂ ਦੇ ਪ੍ਰਯੋਗ ਕੀਤੇ ਸਕਦੇ ਹਨ ਜਿਸ ਨਾਲ ਉਨ੍ਹਾਂ ਦੇ ਹੇਠ ਲਿਖੇ ਗੁਣ ਪਤਾ ਲਗਾਏ ਜਾ ਸਕਦੇ ਹਨ:-

**1.ਭੌਤਿਕ ਗੁਣ:-** ਕੁਝ ਰੇਸ਼ਿਆਂ ਨੂੰ ਕੱਪੜੇ ਜਾਂ ਧਾਗੇ ਵਿੱਚੋਂ ਕੱਢਕੇ ਉਨ੍ਹਾਂ ਦੀ ਲੰਬਾਈ, ਰੰਗ, ਮਜ਼ਬੂਤੀ, ਚਮਕ, ਲਚਕ, ਮੁਲਾਇਮ ਜਾਂ ਖੁਰਦਰਾਪਣ ਆਦਿ ਦੇਖੇ ਜਾ ਸਕਦੇ ਹਨ।

**2. ਖੁਰਦਬੀਨ ਹੇਠਾਂ ਰੇਸ਼ਿਆਂ ਦੀ ਦਿਖਾਵਟ:-** ਕੱਪੜੇ ਜਾਂ ਧਾਗੇ ਵਿੱਚੋਂ ਕੁਝ ਰੇਸ਼ੇ ਲੈ ਕੇ ਉਨ੍ਹਾਂ ਨੂੰ ਖੁਰਦਬੀਨ ਦੇ ਹੇਠਾਂ ਸਲਾਈਡ ਤੇ ਰੱਖਕੇ ਰੇਸ਼ਿਆਂ ਦਾ ਆਕਾਰ, ਵੱਟ, ਸਕੇਲ, ਦਾਣੇ, ਗੰਢਾਂ ਅਤੇ ਉਨ੍ਹਾਂ ਵਿਚਲੀਆਂ ਰੇਖਾਵਾਂ ਨੋਟ ਕਰਨ ਤੇ ਪਤਾ ਲਗਦਾ ਹੈ ਕਿ ਵੱਖ-ਵੱਖ ਕਿਸਮ ਦੇ ਰੇਸ਼ਿਆਂ ਦੀ ਦਿਖਾਵਟ ਵੱਖ-ਵੱਖ ਹੁੰਦੀ ਹੈ।

**3. ਰੇਸ਼ਿਆਂ ਨੂੰ ਜਲਾ ਕੇ ਦੇਖਣਾ:-** ਧੂੰਆਂ, ਗੰਧ ਅਤੇ ਲਾਟ ਕਿਸ ਤਰ੍ਹਾਂ ਦੀ ਦਿੰਦੇ ਹਨ। ਜਲਣ ਤੋਂ ਬਾਅਦ ਕਿਸ ਰੰਗ ਦੀ ਰਾਖ ਜਾਂ ਮਣਕਾ ਬਣਾਉਂਦੇ ਹਨ। ਮਣਕਾ ਵੀ ਕਠੋਰ ਜਾਂ ਭੁਰਨ ਵਾਲਾ ਹੋ ਸਕਦਾ ਹੈ ਆਦਿ।

4. **ਰਸਾਇਣਿਕ ਗੁਣ:-** ਵੱਖ-ਵੱਖ ਰਸਾਇਣਿਕ ਪਦਾਰਥ ਰੇਸ਼ਿਆਂ ਤੇ ਵੱਖ-ਵੱਖ ਅਸਰ ਕਰਦੇ ਹਨ। ਜਿਵੇਂ ਤੇਜ਼ਾਬ ਜਾਂ ਖਾਰ ਦੇ ਹਲਕੇ ਤੇ ਗਾੜੇ ਘੋਲ ਦਾ ਠੰਡੇ ਤੇ ਗਰਮ ਘੋਲ ਵਿੱਚ ਵੱਖ-ਵੱਖ ਅਸਰ ਹੁੰਦਾ ਹੈ।

ਪ੍ਰਸ਼ਨ-27 **ਬਨਸਪਤੀ ਰੇਸ਼ਿਆਂ ਦੇ ਆਮ ਗੁਣ ਕੀ-ਕੀ ਹਨ?**

ਉੱਤਰ- ਬਨਸਪਤੀ ਰੇਸ਼ਿਆਂ ਦੇ ਆਮ ਗੁਣ ਹੇਠ ਲਿਖੇ ਹੁੰਦੇ ਹਨ:-

1. ਇਹ ਦੇਖਣ ਨੂੰ ਦਰਮਿਆਨੀ ਤੇ ਘੱਟ ਲਚਕਵਾਲੇ, ਦਰਮਿਆਨੀ ਕੋਮਲਤਾ ਅਤੇ ਮਜ਼ਬੂਤੀ ਵਾਲੇ ਹੁੰਦੇ ਹਨ।

2. ਖੁਰਦਬੀਨ ਦੁਆਰਾ ਦੇਖਣ ਤੇ ਸੂਤੀ ਰੇਸ਼ੇ ਵੱਟ ਚੜੇ ਰਿਬਨ ਵਰਗੇ, ਸਣ ਤੇ ਪਟਸਨ ਦੇ ਰੇਸ਼ੇ ਨਲੀਦਾਰ ਹੁੰਦੇ ਹਨ ਜਿਨ੍ਹਾਂ ਦੀ ਬਾਹਰਲੀ ਦੀਵਾਰ ਮੋਟੀ ਹੁੰਦੀ ਹੈ।

3. ਜਲਾਉਣ ਤੇ ਇਹ ਸਾਰੇ ਰੇਸ਼ੇ ਕਾਗਜ਼ ਜਾਂ ਪੱਤੇ ਦੇ ਜਲਣ ਵਰਗੀ ਗੰਧ ਦਿੰਦੇ ਹਨ। ਇਹ ਜਲਦੀ ਜਲ ਜਾਂਦੇ ਹਨ ਅਤੇ ਜਲਣ ਉਪਰੰਤ ਸਲੇਟੀ ਰੰਗ ਦੀ ਰਾਖ ਬਣਾਉਂਦੇ ਹਨ।

4. ਤੇਜ਼ਾਬ ਵਿੱਚ ਪਾਉਣ ਤੇ ਇਹ ਰੇਸ਼ੇ ਨਸ਼ਟ ਹੋ ਜਾਂਦੇ ਹਨ।

ਪ੍ਰਸ਼ਨ-28 **ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ-ਕਿਹੜੇ ਹਨ ਅਤੇ ਇਨ੍ਹਾਂ ਵਿੱਚ ਕਿਹੜੇ ਗੁਣਾਂ ਦੀ ਸਮਾਨਤਾ ਹੈ?**

ਉੱਤਰ- ਉੱਨ ਅਤੇ ਰੇਸ਼ਮ ਦੇ ਰੇਸ਼ੇ ਸਾਨੂੰ ਜਾਨਵਰਾਂ ਤੋਂ ਪ੍ਰਾਪਤ ਹੁੰਦੇ ਹਨ। ਇਨ੍ਹਾਂ ਵਿੱਚ ਆਮ ਕਰਕੇ ਹੇਠ ਲਿਖੇ ਗੁਣਾਂ ਦੀ ਸਮਾਨਤਾ ਹੁੰਦੀ ਹੈ:-

1. ਦੋਵੇਂ ਤਰ੍ਹਾਂ ਦੇ ਰੇਸ਼ੇ ਮੁਲਾਇਮ ਹੁੰਦੇ ਹਨ।

2. ਦੋਵੇਂ ਰੇਸ਼ੇ ਛੜੀ ਵਰਗੇ ਨਜ਼ਰ ਆਉਂਦੇ ਹਨ।

3. ਦੋਵੇਂ ਰੇਸ਼ੇ ਜਲਾਉਣ ਤੇ ਇੱਕ ਦਮ ਜਲ ਜਾਂਦੇ ਹਨ ਅਤੇ ਜਲਣ ਮਗਰੋਂ ਭੁਰਨ ਵਾਲਾ ਕਾਲਾ ਮਣਕਾ ਬਣਾਉਂਦੇ ਹਨ।

4. ਖਾਰ ਵਿੱਚ ਪਾਉਣ ਤੇ ਇਹ ਦੋਵੇਂ ਰੇਸ਼ੇ ਘੁਲ ਜਾਂਦੇ ਹਨ।

ਪ੍ਰਸ਼ਨ-29 **ਬਣਾਉਟੀ ਰੇਸ਼ਿਆਂ ਅਤੇ ਕੁਦਰਤੀ ਰੇਸ਼ਿਆਂ ਵਿੱਚ ਕੀ ਅੰਤਰ ਹੈ? ਬਣਾਉਟੀ ਰੇਸ਼ਿਆਂ ਦੇ ਮੂਲ ਗੁਣ ਕੀ ਹਨ?**

ਉੱਤਰ- ਕੁਦਰਤੀ ਰੇਸ਼ੇ ਪੌਦਿਆਂ, ਜਾਨਵਰਾਂ ਅਤੇ ਧਾਤ ਤੋਂ ਪ੍ਰਾਪਤ ਹੁੰਦੇ ਹਨ ਪਰੰਤੂ ਬਣਾਉਟੀ ਰੇਸ਼ੇ ਮਨੁੱਖ ਵੱਲੋਂ ਰਸਾਇਣਿਕਾਂ ਨੂੰ ਮਿਲਾਕੇ ਆਪ ਤਿਆਰ ਕੀਤੇ ਜਾਂਦੇ ਹਨ।

**ਬਣਾਉਟੀ ਰੇਸ਼ਿਆਂ ਦੇ ਮੂਲ ਗੁਣ:-**

1. ਇਹ ਲੱਕੜੀ ਦਾ ਗੁੱਦਾ, ਕਪਾਹ ਦੇ ਛੋਟਿਆਂ ਰੇਸ਼ਿਆਂ ਨੂੰ ਰਸਾਇਣਾਂ ਨਾਲ ਮਿਲ ਕੇ ਬਣਾਏ ਜਾਂਦੇ ਹਨ।

2. ਜ਼ਿਆਦਾ ਗਰਮੀ ਮਿਲਣ ਤੇ ਇਹ ਰੇਸ਼ੇ ਪਿਘਲ ਜਾਂਦੇ ਹਨ ਜਿਵੇਂ ਪੌਲੀਐਸਟਰ, ਨਾਈਲੋਨ ਆਦਿ।

4. ਧਾਤਵੀਂ ਰੇਸ਼ੇ ਸੋਨਾ, ਚਾਂਦੀ, ਐਲੂਮੀਨੀਅਮ ਆਦਿ ਧਾਂਤਾ ਤੋਂ ਬਣਾਏ ਜਾਂਦੇ ਹਨ।

5. ਸ਼ੀਸ਼ੇ ਨੂੰ ਪਿਘਲਾ ਕੇ ਸ਼ੀਸ਼ੇ ਦਾ ਰੇਸ਼ਾ (ਗਲਾਸ ਫਾਈਬਰ) ਬਣਾਇਆ ਜਾਂਦਾ ਹੈ।

## ਪਾਠ-3 (ਕੱਪੜਿਆਂ ਦੀ ਪਹਿਚਾਨ ਅਤੇ ਵਿਸ਼ੇਸ਼ਤਾਈਆਂ)

## ਵਸਤੂਨਿਸ਼ਠ ਪ੍ਰਸ਼ਨ

ਇੱਕ ਸ਼ਬਦ ਤੋਂ ਇੱਕ ਵਾਕ ਦੇ ਉਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-1 **ਊਨੀ ਰੇਸ਼ੇ ਕਿਹੜੇ-ਕਿਹੜੇ ਜਾਨਵਰਾਂ ਤੋਂ ਪ੍ਰਾਪਤ ਹੁੰਦੇ ਹਨ?**

ਉੱਤਰ- ਊਨੀ ਰੇਸ਼ੇ ਭੇਡਾਂ, ਬੱਕਰੀਆਂ, ਊਠਾਂ, ਖਰਗੋਸ਼ਾਂ ਆਦਿ ਦੇ ਵਾਲਾਂ ਤੋਂ ਮਿਲਦੇ ਹਨ।

ਪ੍ਰਸ਼ਨ-2 **ਪਟਸਨ (ਜੂਟ) ਪ੍ਰਾਪਤ ਰੇਸ਼ਿਆਂ ਤੋਂ ਕਿਹੜੀਆਂ-ਕਿਹੜੀਆਂ ਵਸਤੂਆਂ ਤਿਆਰ ਹੁੰਦੀਆਂ ਹਨ?**

ਉੱਤਰ- ਟੋਪੀਆਂ, ਚੱਪਲਾਂ, ਜੈਕਟਾਂ ਆਦਿ।

ਪ੍ਰਸ਼ਨ-3 **ਟੈਰਾਲੀਨ ਅਤੇ ਸੂਤੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਨੂੰ ਕੀ ਆਖਦੇ ਹਨ?**

ਉੱਤਰ- ਟੈਰੀਕਾਟ।

ਪ੍ਰਸ਼ਨ-4 **ਟੈਰਾਲੀਨ ਅਤੇ ਸਿਲਕ ਦੇ ਰੇਸ਼ਿਆਂ ਤੋਂ ਬਣੇ ਰੇਸ਼ਿਆਂ ਨੂੰ ਕੀ ਆਖਦੇ ਹਨ?**

ਉੱਤਰ- ਟੈਰੀ ਸਿਲਕ

ਪ੍ਰਸ਼ਨ-5 **ਨਾਈਲੋਨ ਰੇਸ਼ੇ ਤੇ ਤੇਜ਼ਾਬ ਦਾ ਕੀ ਅਸਰ ਹੁੰਦਾ ਹੈ?**

ਉੱਤਰ- ਨਾਈਲੋਨ ਰੇਸ਼ੇ ਤੇਜ਼ਾਬ ਵਿੱਚ ਘੁਲ ਜਾਂਦੇ ਹਨ।

ਪ੍ਰਸ਼ਨ-6 **ਆਰਲੋਨ ਦੀ ਇੱਕ ਕਿਸਮ ਕਿਹੜੀ ਹੈ?**

ਉੱਤਰ- ਕੈਸ਼ਮੀਲੋਨ

ਪ੍ਰਸ਼ਨ-7 **ਰੇਔਨ ਦੀਆਂ ਕਿੰਨੀਆਂ ਤੇ ਕਿਹੜੀਆਂ-ਕਿਹੜੀਆਂ ਕਿਸਮਾਂ ਹੁੰਦੀਆਂ ਹਨ?**

ਉੱਤਰ- ਤਿੰਨ:- 1. ਵਿਸਕੋਜ਼ 2. ਕਿਉਪਰਾ ਮੋਨੀਅਮ 3. ਨਾਈਟਰੋਸੈਲੂਲੋਜ਼।

ਪ੍ਰਸ਼ਨ-8 **ਸੂਤੀ ਰੇਸ਼ਿਆਂ ਤੇ ਗਰਮੀ ਦਾ ਕੀ ਅਸਰ ਹੁੰਦਾ ਹੈ?**

ਉੱਤਰ- ਸੂਤੀ ਰੇਸ਼ਿਆਂ ਤੇ ਗਰਮੀ ਦਾ ਅਸਰ ਘੱਟ ਹੁੰਦਾ ਹੈ।

ਪ੍ਰਸ਼ਨ-9 **ਲਿਨਨ ਦਾ ਰੇਸ਼ਾ ਕਿਹੜੇ ਪੌਦੇ ਤੋਂ ਪ੍ਰਾਪਤ ਹੁੰਦਾ ਹੈ?**

ਉੱਤਰ- ਫਲੈਕਸ।

ਪ੍ਰਸ਼ਨ-10 **ਸੂਤੀ ਰੇਸ਼ੇ ਕਿਹੜੇ ਪੌਦੇ ਦੇ ਬੀਜਾਂ ਦੇ ਵਾਲ ਹਨ?**

ਉੱਤਰ- ਸੂਤੀ ਰੇਸ਼ੇ ਕਪਾਹ ਦੇ ਪੌਦਿਆਂ ਦੇ ਬੀਜਾਂ ਦੇ ਵਾਲ ਹਨ।

**ਖਾਲੀ ਸਥਾਨ ਭਰੋ**

11. ਸੂਤੀ ਰੇਸ਼ੇ **ਕਪਾਹ** ਦੇ ਪੌਦਿਆਂ ਤੇ ਬੀਜਾਂ ਦੇ ਵਾਲ ਹਨ।

12. ਸੂਤੀ ਰੇਸ਼ਿਆਂ ਦੀ **ਪਾਣੀ** ਵਿੱਚ ਮਜ਼ਬੂਤੀ ਵੱਧ ਜਾਂਦੀ ਹੈ।

13. ਸੂਤੀ ਕੱਪੜਿਆਂ ਨੂੰ ਕੱਪੜਿਆਂ ਦਾ **ਸਿਰਤਾਜ਼** ਕਿਹਾ ਜਾਂਦਾ ਹੈ।

14. ਪਟਸਨ (ਜੂਟ) ਦੇ ਰੇਸ਼ੇ **ਜੂਟ** ਦੇ ਤਣੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ।

15. ਭੇਡਾਂ, ਬਕਰੀਆਂ, ਊਠਾਂ ਆਦਿ ਦੇ ਵਾਲਾਂ ਤੋਂ **ਊਨੀ ਕੱਪੜਿਆਂ** ਦੇ ਰੇਸ਼ੇ ਮਿਲਦੇ ਹਨ।

16. ਰੇਸ਼ਮ ਦੇ ਰੇਸ਼ੇ **ਰੇਸ਼ਮ** ਦੇ ਕੀੜਿਆਂ ਦੇ ਕੋਕੂਨਾਂ ਤੋਂ ਮਿਲਦੇ ਹਨ।

17. ਟੈਰਾਲੀਨ ਅਤੇ ਸੂਤੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਨੂੰ **ਟੈਰੀਕਾਟ** ਆਖਦੇ ਹਨ।

18. ਟੈਰਾਲੀਨ ਅਤੇ ਊਨੀ ਰੇਸ਼ਿਆਂ ਤੋਂ ਬਣੇ ਕੱਪੜੇ ਨੂੰ **ਟੈਰੀਵੂਲ** ਆਖਦੇ ਹਨ।

**ਸਹੀ/ ਗਲਤ ਦਸੋ**

19. ਉਨੀ ਰੇਸ਼ੇ ਭੇਡਾਂ,ਬੱਕਰੀਆਂ, ਊਠਾਂ, ਖਰਗੋਸ਼ਾਂ ਆਦਿ ਦੇ ਵਾਲਾਂ ਤੋਂ ਮਿਲਦੇ ਹਨ। (✓)

20. ਸੂਤੀ ਰੇਸ਼ੇ ਕਪਾਹ ਦੇ ਪੌਦਿਆਂ ਦੇ ਬੀਜਾਂ ਦੇ ਵਾਲ ਹਨ। (✓)

21. ਰੇਔਨ ਦੀ ਇੱਕ ਕਿਸਮ ਕੈਸ਼ਮੀਲੋਨ ਨਹੀਂ ਹੈ। (✗)

22. ਸੁੱਚੀ ਜ਼ਰੀ ਸੋਨੇ-ਚਾਂਦੀ ਤੋਂ ਬਣਾਈ ਜਾਂਦੀ ਹੈ। (✓)

23. ਅਰੇਐਨ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ। (✓)

24. ਟੈਰੀਕਾਟ ਪੌਲੀਐਸਟਰ ਦੇ ਰੇਸ਼ੇ ਤੋਂ ਨਹੀਂ ਬਣਾਇਆ ਜਾਂਦਾ। (✗)

25. ਨਾਈਲੋਨ ਦੇ ਕੱਪੜੇ ਜ਼ਿਆਦਾ ਗਰਮੀ ਸਹਾਰ ਸਕਦੇ ਹਨ। (✗)

26. ਖਾਰ ਦਾ ਨਾਈਲੋਨ ਦੇ ਰੇਸ਼ਿਆਂ ਤੇ ਬੁਰਾ ਅਸਰ ਹੁੰਦਾ ਹੈ? (✗)

ਬਹੁ ਚੋਣਵੇਂ ਪ੍ਰਸ਼ਨ

ਪ੍ਰਸ਼ਨ-27 **ਸੂਤੀ ਰੇਸ਼ਿਆਂ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ?**

ਉੱਤਰ- **1. ਕਪਾਹ (✓)** 2. ਧਾਤਾਂ 3. ਭੇਡਾਂ 4. ਫਲੈਕਸ

ਪ੍ਰਸ਼ਨ-28 **ਲਿਨਨ ਦੇ ਰੇਸ਼ੇ ਕਿੱਥੋਂ ਪ੍ਰਾਪਤ ਹੁੰਦੇ ਹਨ?**

ਉੱਤਰ- 1. ਬਕਰੀਆਂ 2. ਕਪਾਹ 3. ਰੇਸ਼ਮ ਦੇ ਕੀੜੇ **4. ਫਲੈਕਸ ਦੇ ਪੌਦੇ (✓)**

ਪ੍ਰਸ਼ਨ-29 **ਰੇਸ਼ਮ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ?**

ਉੱਤਰ- **1. ਰੇਸ਼ਮ ਦੇ ਕੀੜਿਆਂ ਦੇ ਕੋਕੂਨਾਂ ਤੋਂ (✓)** 2. ਪੌਲੀਐਸਟਰ 3. ਨਾਈਲੋਨ 4. ਧਾਤਾਂ ਤੋਂ

ਪ੍ਰਸ਼ਨ-30 **ਟੈਰੀਕਾਟ ਕਿਹੜੇ ਦੋ ਕਿਸਮ ਦੇ ਰੇਸ਼ਿਆਂ ਨੂੰ ਮਿਲਾ ਕੇ ਬਣਦਾ ਹੈ?**

ਉੱਤਰ- 1. ਟੈਰਾਲੀਨ + ਊਨੀ 2. ਟੈਰਾਲੀਨ+ ਸਿਲਕ 3. ਟੈਰਾਲੀਨ +ਨਾਈਲੋਨ **4. ਟੈਰਾਲੀਨ +ਸੂਤੀ (✓)**

ਪ੍ਰਸ਼ਨ-31 **ਨਾਈਲੋਨ ਹੇਠ ਲਿਖੇ ਕਿਹੜੇ ਇੱਕ ਪਦਾਰਥ ਵਿੱਚ ਘੁਲ ਜਾਂਦਾ ਹੈ?**

ਉੱਤਰ- 1. ਖਾਰ **2. ਤੇਜ਼ਾਬ (✓)** 3. ਰੰਗਕਾਟ 4. ਸਾਬਣ

ਪ੍ਰਸ਼ਨ-32 **ਉਨ ਹੇਠ ਲਿਖੇ ਕਿਹੜੇ ਪਦਾਰਥ ਵਿੱਚ ਘੁਲ ਜਾਂਦੀ ਹੈ?**

ਉੱਤਰ- 1. ਰੰਗਕਾਟ 2. ਤੇਜ਼ਾਬ **3.ਖਾਰ (✓)** 4. ਪਾਣੀ

ਪ੍ਰਸ਼ਨ-33 **ਰੇਔਨ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?**

ਉੱਤਰ- 1. ਚਾਰ 2. ਤਿੰਨ (✓) 3. ਦੋ 4. ਇੱਕ

ਪ੍ਰਸ਼ਨ-34 **ਰੇਸ਼ਮ ਦੀਆਂ ਵਿਸ਼ੇਸ਼ਤਾਈਆਂ ਕਿਸ ਨਾਲ ਮੇਲ ਖਾਂਦੀਆਂ ਹਨ?**

ਉੱਤਰ- **1. ਊਨੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਨਾਲ (✓)** 2. ਨਾਈਲੋਨ ਨਾਲ 3. ਸੂਤੀ ਕੱਪੜਿਆਂ ਨਾਲ 4. ਪੌਲੀਐਸਟਰ ਨਾਲ

ਪ੍ਰਸ਼ਨ-35 **ਰੇਸ਼ਮ ਦੇ ਰੇਸ਼ਿਆਂ ਦੀ ਲੰਬਾਈ ਕਿੰਨੀ ਹੁੰਦੀ ਹੈ?**

ਉੱਤਰ- 1. 400 ਗਜ਼ 2. 500 ਗਜ਼ 3. 300 ਗਜ਼ **4. 1800 ਗਜ਼ (✓)**

ਪ੍ਰਸ਼ਨ-36 **ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ?**

ਉੱਤਰ- 1. ਲੋਹਾ 2. ਤਾਂਬਾ 3. ਪਿੱਤਲ **4. ਸੋਨਾ-ਚਾਂਦੀ (✓)**

ਪ੍ਰਸ਼ਨ-37 **ਊਨੀ ਕੱਪੜੇ ਕਿਹੜੇ ਮੌਸਮ ਵਿੱਚ ਪਾਏ ਜਾਂਦੇ ਹਨ?**

ਉੱਤਰ- 1. ਗਰਮੀ ਵਿੱਚ 2. ਬਰਸਾਤ **3. ਸਰਦੀਆਂ ਵਿੱਚ ( ✓)** 4. ਬਸੰਤ ਰੁਤ ਵਿੱਚ।

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-38 **ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ?**

ਉਤਰ- ਗੋਟੇ ਅਤੇ ਜ਼ਰੀ ਦੇ ਰੇਸ਼ੇ ਸੋਨਾ, ਚਾਂਦੀ ਅਤੇ ਐਲੂਮੀਨੀਅਮ ਧਾਤਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ। ਇਨ੍ਹਾਂ ਧਾਤਾਂ ਨੂੰ ਪਿਘਲਾ ਕੇ ਬਾਰੀਕ ਰੇਸ਼ੇ ਤਿਆਰ ਕੀਤੇ ਜਾਂਦੇ ਹਨ। ਪਰ ਅੱਜ ਕੱਲ ਐਲੂਮੀਨੀਅਮ ਦੇ ਰੇਸ਼ੇ ਬਣਾਕੇ ਉਨ੍ਹਾਂ ਉਪਰ ਸੋਨੇ ਅਤੇ ਚਾਂਦੀ ਦੀ ਪਰਤ ਚੜ੍ਹਾਈ ਜਾਂਦੀ ਹੈ।

ਪ੍ਰਸ਼ਨ-39 **ਮਿਸ਼ਰਤ ਰੇਸ਼ੇ ਕਿਹੜੇ ਹੁੰਦੇ ਹਨ?**

ਉੱਤਰ- ਮਿਸ਼ਰਤ ਰੇਸ਼ੇ ਦੋ ਵੱਖ-ਵੱਖ ਤਰ੍ਹਾਂ ਦੇ ਰੇਸ਼ੇ ਮਿਲਾ ਕੇ ਤਿਆਰ ਹੁੰਦੇ ਹਨ ਜਿਵੇਂ:- ਕਪਾਹ ਅਤੇ ਪਟਸਨ ਆਦਿ ਨਾਲ ਪੌਲੀਐਸਟਰ ਜਾਂ ਟੈਰਾਲੀਨ ਮਿਲਾ ਕੇ ਮਿਸ਼ਰਤ ਰੇਸ਼ੇ ਤਿਆਰ ਹੁੰਦੇ ਹਨ।

ਪ੍ਰਸ਼ਨ-40 **ਸਿਲਕ ਨੂੰ ਕੱਪੜਿਆਂ ਦੀ ਰਾਣੀ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਇਹ ਰੇਸ਼ੇ ਗਰਮ ਹੁੰਦੇ ਹਨ, ਪਰੰਤੂ ਉੱਨ ਜਿੰਨੇ ਨਹੀਂ। ਇਹ ਰਗੜ ਸਹਾਰ ਸਕਦੇ ਹਨ। ਖਾਰ ਤੇ ਤੇਜ਼ਾਬ ਇਨ੍ਹਾਂ ਤੇ ਕਾਫ਼ੀ ਅਸਰ ਪਾਉਂਦੇ ਹਨ। ਇਹ ਆਪਣੇ ਅੰਦਰ ਘੱਟ ਪਾਣੀ ਸਮੋ ਸਕਦੇ ਹਨ। ਭਾਵੇਂ ਇਨ੍ਹਾਂ ਦੀ ਸੰਭਾਲ ਕਰਨੀ ਔਖੀ ਹੈ, ਪਰੰਤੂ ਅਜੇ ਵੀ ਆਪਣੀ ਸੁੰਦਰਤਾ ਕਰਕੇ ਇਹ ਰੇਸ਼ਾ ਕੱਪੜਿਆਂ ਦੀ ਰਾਣੀ ਅਖਵਾਉਂਦਾ ਹੈ ਅਤੇ ਲੋਕ ਇਸ ਤੋਂ ਬਣੇ ਕੱਪੜੇ ਪਾ ਕੇ ਮਾਣ ਮਹਿਸੂਸ ਕਰਦੇ ਹਨ।

ਪ੍ਰਸ਼ਨ-41 **ਸੂਤੀ ਕੱਪੜੇ ਨੂੰ ਧੋਣਾ ਆਸਾਨ ਹੈ, ਕਿਉਂ?**

ਉੱਤਰ- ਪਾਣੀ ਵਿੱਚ ਇਨ੍ਹਾਂ ਦੀ ਮਜ਼ਬੂਤੀ ਵੱਧ ਜਾਂਦੀ ਹੈ ਜਿਸ ਕਰਕੇ ਇਨ੍ਹਾਂ ਨੂੰ ਧੋਣਾ, ਉਬਾਲਣਾ ਤੇ ਭਿਉਂਣਾ ਸੌਖਾ ਹੁੰਦਾ ਹੈ ਅਤੇ ਧੋਣ ਸਮੇਂ ਖਰਾਬ ਵੀ ਨਹੀਂ ਹੁੰਦੇ। ਇਨ੍ਹਾਂ ਨੂੰ ਹੱਥਾਂ ਨਾਲ ਬੁਰਸ਼ ਨਾਲ ਰਗੜ ਕੇ ਅਤੇ ਮਸ਼ੀਨ ਦੁਆਰਾ ਕਿਸੇ ਵੀ ਢੰਗ ਨਾਲ ਧੋਇਆ ਜਾ ਸਕਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸੂਤੀ ਕੱਪੜੇ ਨੂੰ ਧੋਣਾ ਸੌਖਾ ਹੁੰਦਾ ਹੈ।

ਪ੍ਰਸ਼ਨ-42 **ਸੂਤੀ ਰੇਸ਼ੇ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾ ਸਕਦੇ ਹਨ?**

ਉੱਤਰ- ਸੂਤੀ ਰੇਸ਼ਿਆਂ ਤੋਂ ਭਿੰਨ-ਭਿੰਨ ਤਰ੍ਹਾਂ ਦੇ ਜਾਂ ਕਈ ਤਰ੍ਹਾਂ ਤੇ ਕੱਪੜੇ ਬਣਾਏ ਜਾਂਦੇ ਹਨ। ਜਿਵੇਂ:-

ਪਤਲੀ ਮੋਟਾਈ ਵਾਲੇ:- ਮਲਮਲ, ਵਾਇਲ, ਰੁਬੀਆ, ਕੈਬਰਿਕ ਆਦਿ।

ਦਰਮਿਆਨੀ ਮੋਟਾਈ ਵਾਲੇ:-ਲੱਠਾ, ਪਾਪਲੀਨ, ਲਿਜ਼ੀਬਿਜ਼ੀ ਆਦਿ।

ਮੋਟੇ ਕੱਪੜੇ:- ਖੱਦਰ, ਕੇਸਮੈਂਟ, ਮੈਟੀ, ਪਰਦਿਆਂ ਦੀ ਟਪੇਸਟਰੀ, ਜੀਨ, ਡੈਨਿਮ ਆਦਿ।

ਪ੍ਰਸ਼ਨ-43 **ਲਿਨਨ ਦਾ ਕੱਪੜਾ ਕਿਸ ਮੌਸਮ ਵਿੱਚ ਪਹਿਨਣ ਦੇ ਕੰਮ ਆਉਂਦਾ ਹੈ?**

ਉੱਤਰ- ਲਿਨਨ ਦੇ ਕੱਪੜੇ ਗਰਮੀ ਦੇ ਮੌਸਮ ਵਿੱਚ ਪਾਏ ਜਾਂਦੇ ਹਨ, ਕਿਉਂਕਿ ਇਹ ਰੇਸ਼ੇ ਗਰਮੀ ਦੇ ਚੰਗੇ ਸੁਚਾਲਕ ਹਨ। ਇਸ ਲਈ ਗਰਮੀਆਂ ਵਿੱਚ ਸੂਤੀ ਰੇਸ਼ਿਆਂ ਨਾਲੋਂ ਵਧੇਰੇ ਠੰਡਕ ਪਹੁੰਚਾਉਂਦੇ ਹਨ।

ਪ੍ਰਸ਼ਨ-44 **ਉੱਨ ਦੇ ਕੱਪਿੜਆਂ ਨੂੰ ਸੰਭਾਲਣਾ ਆਸਾਨ ਹੈ ਜਾਂ ਮੁਸ਼ਕਿਲ ਅਤੇ ਕਿਉਂ?**

ਉੱਤਰ- ਉੱਨ ਦੇ ਕੱਪੜਿਆਂ ਨੂੰ ਸੰਭਾਲਣਾ ਮੁਸ਼ਕਿਲ ਹੈ, ਕਿਉਂਕਿ ਇਨ੍ਹਾਂ ਤੇ ਉੱਲੀ ਲੱਗ ਸਕਦੀ ਹੈ ਪਰੰਤੂ ਇਨ੍ਹਾਂ ਨੂੰ ਕੀੜਾ ਬਹੁਤ ਛੇਤੀ ਲਗਦਾ ਹੈ। ਲੋਹਾ ਵੀ ਕੱਪੜੇ ਨੂੰ ਖਾ ਜਾਂਦਾ ਹੈ। ਇਸ ਲਈ ਧੋਣ ਸਮੇਂ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ।

ਪ੍ਰਸ਼ਨ-45 **ਰਗੜ ਦਾ ਉੱਨ ਤੇ ਕੀ ਅਸਰ ਹੁੰਦਾ ਹੈ?**

ਉੱਤਰ- ਰਗੜ ਨਾਲ ਇਹ ਰੇਸ਼ੇ ਆਪਸ ਵਿੱਚ ਜੁੜ ਜਾਂਦੇ ਹਨ। ਧੋਣ ਸਮੇਂ ਗਰਮ ਪਾਣੀ ਦੀ ਵਰਤੋਂ ਨਾਲ ਅਤੇ ਰਗੜ ਕੇ ਧੋਣ ਨਾਲ ਇਹ ਰੇਸ਼ੇ ਸਥਾਈ ਤੌਰ ਤੇ ਜੁੜ ਜਾਂਦੇ ਹਨ ਅਤੇ ਕੱਪੜਾ ਸਖ਼ਤ ਹੋ ਜਾਂਦਾ ਹੈ।

ਪ੍ਰਸ਼ਨ-46 **ਤੇਜ਼ਾਬ ਅਤੇ ਖਾਰ ਦਾ ਉੱਨ ਤੇ ਕੀ ਅਸਰ ਪੈਂਦਾ ਹੈ?**

ਉੱਤਰ- ਹਲਕੇ ਤੇਜ਼ਾਬ ਦਾ ਇਨ੍ਹਾਂ ਤੇ ਘੱਟ ਅਸਰ ਪੈਂਦਾ ਹੈ ਪਰੰਤੂ ਤੇਜ਼ ਤੇਜ਼ਾਬ ਵਿੱਚ ਇਹ ਰੇਸ਼ੇ ਘੁਲ ਜਾਂਦੇ ਹਨ। ਖਾਰ ਇਨ੍ਹਾਂ ਰੇਸ਼ਿਆਂ ਨੂੰ ਨਸ਼ਟ ਕਰ ਦਿੰਦੀ ਹੈ। ਇਸ ਲਈ ਇਨ੍ਹਾਂ ਨੂੰ ਧੋਣ ਲਈ ਖਾਰ ਵਾਲੇ ਪਦਾਰਥ ਅਤੇ ਸੋਡਾ ਨਹੀਂ ਵਰਤਣਾ ਚਾਹੀਦਾ।

ਪ੍ਰਸ਼ਨ-47 **ਰੇਸ਼ਮ ਕਿੱਥੋ ਪ੍ਰਾਪਤ ਕੀਤਾ ਜਾਂਦਾ ਹੈ? ਇਨ੍ਹਾਂ ਰੇਸ਼ਿਆਂ ਦੀ ਲੰਬਾਈ ਕਿੰਨੀ ਹੁੰਦੀ ਹੈ?**

ਉੱਤਰ- ਰੇਸ਼ਮ ਦੇ ਰੇਸ਼ੇ ਰੇਸ਼ਮ ਦੇ ਕੀੜਿਆਂ ਦੇ ਕੋਕੂਨਾਂ ਤੋਂ ਮਿਲਦੇ ਹਨ। ਇਨ੍ਹਾਂ ਰੇਸ਼ਿਆਂ ਦੀ ਲੰਬਾਈ 1800 ਗਜ਼ ਤੱਕ ਹੋ ਸਕਦੀ ਹੈ। ਕੁਦਰਤੀ ਰੇਸ਼ਿਆਂ ਵਿੱਚੋਂ ਇਹ ਸਭ ਤੋਂ ਸੋਹਣੀ ਦਿੱਖ, ਮੁਲਾਇਮ ਤੇ ਚਮਕ ਵਾਲੇ ਹੁੰਦੇ ਹਨ।

ਪ੍ਰਸ਼ਨ-48 **ਰੇਸ਼ਮ ਦੀਆਂ ਵਿਸ਼ੇਸ਼ਤਾਈਆਂ ਕਿਸ ਨਾਲ ਮੇਲ ਖਾਂਦੀਆਂ ਹਨ ਅਤੇ ਕਿਉਂ?**

ਉੱਤਰ- ਰੇਸ਼ਮ ਦੇ ਕਾਫ਼ੀ ਗੁਣ ਅਤੇ ਵਿਸ਼ੇਸ਼ਤਾਵਾਂ ਉੱਨੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਨਾਲ ਮਿਲਦੀਆਂ ਹਨ। ਇਹ ਰੇਸ਼ੇ ਵੀ ਗਰਮ ਹੁੰਦੇ ਹਨ ਪਰੰਤੂ ਉੱਨ ਜਿੰਨੇ ਨਹੀਂ। ਰਗੜ ਸਹਾਰ ਲੈਂਦੇ ਹਨ ਪਰ ਉੱਨ ਨਾਲੋਂ ਘੱਟ ਲਚਕ ਹੁੰਦੀ ਹੈ।

ਪ੍ਰਸ਼ਨ-49 **ਨਾਈਲੋਨ ਦੇ ਕੱਪੜੇ ਦੀ ਪ੍ਰਾਪਤੀ ਦਾ ਆਧਾਰ ਕੀ ਹੈ?**

ਉੱਤਰ- ਨਾਈਲੋਨ ਦੇ ਕੱਪੜੇ ਦੀ ਪ੍ਰਾਪਤੀ ਦਾ ਆਧਾਰ ਰਸਾਇਣਕ ਪਦਾਰਥ ਹਨ। ਰਸਾਇਣਕ ਪਦਾਰਥਾਂ ਦੇ ਮੇਲ ਨਾਲ ਨਾਈਲੋਨ ਦੇ ਰੇਸ਼ੇ ਪ੍ਰਾਪਤ ਕੀਤੇ ਜਾਂਦੇ ਹਨ। ਇਹ ਰੇਸ਼ੇ ਘੱਟ ਤੇ ਵੱਧ ਲੰਬਾਈ ਵਿੱਚ ਬਣਾਏ ਜਾਂਦੇ ਹਨ।

ਪ੍ਰਸ਼ਨ-50 **ਨਾਈਲੋਨ ਦੇ ਕੱਪੜਿਆਂ ਨੂੰ ਸੰਭਾਲਣਾ ਆਸਾਨ ਹੈ ਜਾਂ ਮੁਸ਼ਕਿਲ ਅਤੇ ਕਿਉਂ?**

ਉੱਤਰ- ਨਾਈਲੋਨ ਦੇ ਕੱਪੜਿਆਂ ਨੂੰ ਸੰਭਾਲਣਾ ਆਸਾਨ ਹੈ ਕਿਉਂਕਿ ਉੱਲੀ ਅਤੇ ਲੋਹੇ ਦਾ ਇਨ੍ਹਾਂ ਤੇ ਕੋਈ ਬੁਰਾ ਅਸਰ ਨਹੀਂ ਹੁੰਦਾ।

ਪ੍ਰਸ਼ਨ-51 **ਪੌਲੀਐਸਟਰ ਤੋਂ ਕਿਹੜੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ? ਕਿਸੇ ਤਿੰਨ ਬਾਰੇ ਦੱਸੋ।**

ਉੱਤਰ- ਪੌਲੀਐਸਟਰ ਦੇ ਰੇਸ਼ਿਆਂ ਨੂੰ ਦੂਜੇ ਰੇਸ਼ਿਆਂ ਨਾਲ ਮਿਲਾਕੇ ਮਿਸ਼ਰਤ ਰੇਸ਼ੇ ਤਿਆਰ ਕੀਤੇ ਜਾਂਦੇ ਹਨ। ਜਿਵੇਂ:-

ਟੈਰਾਲੀਨ+ਸੂਤੀ=ਟੈਰੀਕਾਟ

ਟੈਰਾਲੀਨ+ਉੱਨੀ= ਟੈਰੀਵੂਲ

ਟੈਰਾਲੀਨ+ ਸਿਲਕ =ਟੈਰੀਸਿਲਕ

ਪ੍ਰਸ਼ਨ-52 **ਆਰਲੋਨ ਅਤੇ ਕੈਸ਼ਮੀਲੋਨ ਵਿੱਚ ਕੀ ਸਮਾਨਤਾ ਹੈ ਅਤੇ ਇਸ ਤੋਂ ਕਿਹੋ ਜਿਹਾ ਕੱਪੜਾ ਬਣਾਇਆ ਜਾਂਦਾ ਹੈ?**

ਉੱਤਰ- ਆਰਲੋਨ ਦੀ ਇੱਕ ਕਿਸਮ ਕੈਸ਼ਮੀਲੋਨ ਹੈ। ਇਸ ਲਈ ਇਨ੍ਹਾਂ ਵਿੱਚ ਗੁਣਾਂ ਦੀ ਸਮਾਨਤਾ ਹੈ। ਕੈਸ਼ਮੀਲੋਨ ਤੋ. ਉੱਨ ਦੀ ਤਰ੍ਹਾਂ ਧਾਗੇ ਬਣਾਕੇ ਸਵੈਟਰ, ਸ਼ਾਲਾ, ਕੋਟ ਅਤੇ ਅਜਿਹੇ ਹੋਰ ਸਰਦੀਆਂ ਵਿੱਚ ਪਹਿਨਣ ਵਾਲੇ ਵਸਤਰ ਬਣਾਏ ਜਾਂਦੇ ਹਨ।

ਪ੍ਰਸ਼ਨ-53 **ਰੇਔਨ ਦੀਆਂ ਕੋਈ ਦੋ ਕਿਸਮਾਂ ਦੱਸੋ?**

ਉੱਤਰ- ਇਹ ਛੋਟੇ-ਛੋਟੇ ਸੂਤੀ ਰੇਸ਼ਿਆਂ ਨੂੰ ਵੱਖ-ਵੱਖ ਰਸਾਇਣਕ ਪਦਾਰਥਾਂ ਨਾਲ ਮਿਲਾ ਕੇ ਬਣਦੇ ਹਨ। ਰੇਔਨ ਦੀਆਂ ਤਿੰਨ ਕਿਸਮਾਂ ਹਨ। ਜਿਨ੍ਹਾਂ ਵਿੱਚੋਂ ਦੋ ਇਸ ਤਰ੍ਹਾਂ ਹਨ:- ਵਿਸਕੋਜ਼ 2.ਕਿਊਪਰਾਮੋਨੀਅਮ।

ਪ੍ਰਸ਼ਨ-54 **ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ?**

ਉੱਤਰ- ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ਿਆਂ ਵਿੱਚ ਸੋਨੇ, ਚਾਂਦੀ ਅਤੇ ਐਲੂਮੀਨੀਅਮ ਦੇ ਰੇਸ਼ੇ ਮੁੱਖ ਹਨ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-55 **ਸੂਤੀ ਰੇਸ਼ੇ ਨੂੰ ਰੇਸ਼ਿਆਂ ਦਾ ਸਿਰਤਾਜ਼ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਸੂਤੀ ਰੇਸ਼ੇ ਨੂੰ ਰੇਸ਼ਿਆਂ ਦਾ ਸਿਰਤਾਜ ਕਿਹਾ ਜਾਂਦਾ ਹੈ ਕਿਉਂਕਿ ਇਸ ਰੇਸ਼ੇ ਵਿੱਚ ਬਹੁਤ ਗੁਣ ਹੁੰਦੇ ਹਨ ਜਿਵੇਂ ਕੁਦਰਤੀ ਚਮਕ ਦਾ ਹੋਣਾ, ਮਜ਼ਬੂਤ ਰੇਸ਼ਾ ਅਤੇ ਤਾਪ ਦਾ ਸੰਚਾਲਨ ਹੋਣ ਦੇ ਨਾਲ-ਨਾਲ ਇਸ ਵਿੱਚ ਪਾਣੀ ਸੋਖਣ ਦੀ ਸਮਰੱਥਾ ਵੀ ਹੁੰਦੀ ਹੈ। ਇਸ ਕਰਕੇ ਹੀ ਇਹ ਕੱਪੜੇ ਗਰਮੀਆਂ ਅਤੇ ਸਰਦੀਆਂ ਵਿੱਚ ਠੀਕ ਰਹਿੰਦੇ ਹਨ। ਇਸ ਰੇਸ਼ੇ ਨੂੰ ਉਬਾਲਿਆ ਵੀ ਜਾ ਸਕਦਾ ਹੈ। ਇਸ ਕਰਕੇ ਹੀ ਇਸ ਨੂੰ ਹਸਪਤਾਲ ਵਿੱਚ ਪੱਟੀਆਂ ਬਣਾਉਣ ਲਈ ਵਰਤਿਆ ਜਾਂਦਾ ਹੈ।

ਪ੍ਰਸ਼ਨ-56 **ਸੂਤੀ ਕੱਪੜੇ ਨੂੰ ਗਰਮੀਆਂ ਦੀ ਰੁੱਤ ਵਿੱਚ ਪਹਿਨਣਾ ਪਸੰਦ ਕੀਤਾ ਜਾਂਦਾ ਹੈ ਕਿਉਂ?**

ਉੱਤਰ- ਸੂਤੀ ਕੱਪੜੇ ਤੇ ਗਰਮੀ ਦਾ ਅਸਰ ਘੱਟ ਹੁੰਦਾ ਹੈ ਅਤੇ ਨਮੀ ਨੂੰ ਸੋਖਦੇ ਹਨ। ਪਾਣੀ ਜਾਂ ਨਮੀ ਨੂੰ ਸੋਖਣ ਵਾਲਾ ਹੋਣ ਕਾਰਨ ਇਹ ਪਸੀਨਾ ਸੋਖ ਲੈਂਦੇ ਹਨ। ਜਿਸ ਕਾਰਨ ਸਰੀਰ ਨੂੰ ਗਰਮੀ ਨਹੀਂ ਲਗਦੀ। ਇਸ ਲਈ ਹਰੇਕ ਉਮਰ ਦੇ ਵਿਅਕਤੀ ਅਤੇ ਹਰ ਕਿਸਮ ਦੀ ਚਮੜੀ ਅਤੇ ਹਰ ਮੌਸਮ ਵਿੱਚ ਪਹਿਨੇ ਜਾ ਸਕਦੇ ਹਨ। ਇਨ੍ਹਾਂ ਤੇ ਦਾਗ ਜਲਦੀ ਪੈ ਜਾਂਦੇ ਹਨ ਜਿਹੜੇ ਉਤਾਰਨੇ ਵੀ ਔਖੇ ਹੁੰਦੇ ਹਨ। ਗਰਮੀ ਸੋਖਣ ਕਰਕੇ ਹਰ ਕੋਈ ਸੂਤੀ ਕੱਪੜੇ ਪਹਿਨਣੇ ਪਸੰਦ ਕਰਦਾ ਹੈ।

ਪ੍ਰਸ਼ਨ-57 **ਲਿਨਨ ਦੀਆਂ ਖਾਸ ਵਿਸ਼ੇਸ਼ਤਾਵਾਂ ਕੀ ਹਨ?**

ਉੱਤਰ- 1. ਇਸ ਵਿੱਚ ਸੂਤੀ ਕੱਪੜੇ ਨਾਲੋਂ ਵਧੇਰੇ ਚਮਕ ਹੁੰਦੀ ਹੈ।

2. ਇਹ ਕੱਪੜਾ ਮਜ਼ਬੂਤ ਹੁੰਦਾ ਹੈ ਅਤੇ ਗਿੱਲਾ ਹੋ ਕੇ ਇਸਦੀ ਮਜ਼ਬੂਤੀ ਹੋਰ ਵੱਧ ਜਾਂਦੀ ਹੈ।
3. ਇਸ ਵਿੱਚ ਪਾਣੀ ਸੋਖਣ ਦੀ ਸਮਰੱਥਾ ਵਧੇਰੇ ਹੁੰਦੀ ਹੈ।
4. ਇਹ ਰੇਸ਼ੇ ਗਰਮੀ ਦੇ ਚੰਗੇ ਸੰਚਾਲਕ ਹਨ। ਇਸ ਲਈ ਗਰਮੀਆਂ ਵਿੱਚ ਵਧੇਰੇ ਠੰਢਕ ਪਹੁੰਚਾਉਂਦੇ ਹਨ।
5. ਇਹ ਤੇਜ਼ਾਬ ਨਾਲ ਖ਼ਰਾਬ ਹੋ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਸੋਢੇ ਵਾਲੇ ਘੋਲ ਵਿੱਚ ਨਹੀਂ ਧੋਣਾ ਚਾਹੀਦਾ।
6. ਇਨ੍ਹਾਂ ਤੇ ਰਗੜ ਦਾ ਅਸਰ ਵੀ ਘੱਟ ਹੁੰਦਾ ਹੈ।

ਪ੍ਰਸ਼ਨ-58 **ਊਨੀ ਕੱਪੜੇ ਦੀ ਪ੍ਰਾਪਤੀ ਦਾ ਆਧਾਰ ਕੀ ਹੈ? ਇਸ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ? ਇਹ ਕਿਸ ਮੌਸਮ ਵਿੱਚ ਪਹਿਨੇ ਜਾਂਦੇ ਹਨ ਅਤੇ ਕਿਉਂ?**

ਉੱਤਰ- ਊੱਨੀ ਕੱਪੜਿਆਂ ਦੇ ਰੇਸ਼ੇ ਭੇਡਾਂ, ਬੱਕਰੀਆਂ, ਊਠਾਂ, ਖਰਗੋਸ਼ਾਂ ਆਦਿ ਦੇ ਵਾਲਾਂ ਤੋਂ ਮਿਲਦੇ ਹਨ। ਇਹ ਰੇਸ਼ੇ ਹੀ ਉੱਨੀ ਕੱਪੜੇ ਦੀ ਪ੍ਰਾਪਤੀ ਦਾ ਆਧਾਰ ਹੈ। ਇਨ੍ਹਾਂ ਤੋਂ ਸਰਦੀਆਂ ਵਾਲੀਆਂ ਪੁਸ਼ਾਕਾਂ ਅਤੇ ਘਰੇਲੂ ਸਾਮਾਨ ਜਿਵੇਂ-ਕੰਬਲ, ਗਲੀਚੇ, ਆਸਨ, ਕੁਸ਼ਨ ਆਦਿ ਬਣਾਏ ਜਾਂਦੇ ਹਨ। ਕਿਉਂਕਿ ਇਨ੍ਹਾਂ ਦੇ ਰੇਸ਼ਿਆਂ ਵਿੱਚ ਨਿੱਘ ਹੁੰਦਾ ਹੈ।

ਪ੍ਰਸ਼ਨ-59 **ਊੱਨੀ ਕੱਪੜਿਆਂ ਨੂੰ ਧੋਣਾ ਅਤੇ ਸੰਭਾਲਣਾ ਮੁਸ਼ਕਿਲ ਹੈ ਕਿਉਂ?**

ਉੱਤਰ- ਊੱਨੀ ਕੱਪੜੇ ਗਿੱਲੇ ਹੋਣ ਤੇ 40 ਤੋਂ 50 ਪ੍ਰਤੀਸ਼ਤ ਤੱਕ ਲੰਬੇ ਹੋ ਜਾਂਦੇ ਹਨ। ਜਿਸ ਕਰਕੇ ਧੋਣ ਸਮੇਂ ਬਹੁਤ ਸਾਵਧਾਨੀ ਵਰਤਣ ਦੀ ਲੋੜ੍ਹ ਹੁੰਦੀ ਹੈ ਅਤੇ ਇਹ ਲਟਕਾ ਕੇ ਵੀ ਨਹੀਂ ਸੁਕਾਉਣੇ ਚਾਹੀਦੇ। ਗਿੱਲੇ ਹੋਣ ਤੇ ਇਹ ਰੇਸ਼ੇ ਕਮਜ਼ੋਰ ਹੋ ਜਾਂਦੇ ਹਨ। ਇਸ ਲਈ ਸਾਵਧਾਨੀ ਨਾਲ ਹੀ ਧੋਣਾ ਚਾਹੀਦਾ ਹੈ। ਇਨ੍ਹਾਂ ਤੇ ਉੱਲੀ ਲੱਗ ਸਕਦੀ ਹੈ ਅਤੇ ਕੀੜਾ ਬਹੁਤ ਛੇਤੀ ਲਗਦਾ ਹੈ। ਲੋਹਾ ਵੀ ਕੱਪੜੇ ਨੂੰ ਖਾ ਜਾਂਦਾ ਹੈ। ਇਸ ਤਰ੍ਹਾਂ ਉੱਨੀ ਕੱਪੜਿਆਂ ਨੂੰ ਧੋਣਾ ਤੇ ਉਨ੍ਹਾਂ ਦੀ ਸੰਭਾਲ ਕਰਨੀ ਬਹੁਤ ਮੁਸ਼ਕਿਲ ਹੁੰਦੀ ਹੈ।

ਪ੍ਰਸ਼ਨ-60 **ਰੇਸ਼ਮ ਕਿੱਥੋਂ ਪ੍ਰਾਪਤ ਹੁੰਦਾ ਹੈ ਅਤੇ ਇਸ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ?**

ਉੱਤਰ- ਰੇਸ਼ਮ ਦੇ ਰੇਸ਼ੇ ਰੇਸ਼ਮ ਦੇ ਕੀੜਿਆਂ ਦੇ ਕੋਕੂਨਾਂ ਤੋਂ ਮਿਲਦੇ ਹਨ। ਰੇਸ਼ਮ ਤੋਂ ਬਣੇ ਕੱਪੜੇ ਸਰਦੀਆਂ ਵਿੱਚ ਅਤੇ ਖਾਸ ਮੌਕਿਆਂ ਤੇ ਪਾਏ ਜਾਂਦੇ ਹਨ। ਅਮੀਰ ਲੋਕਾਂ ਦੀਆਂ ਪੁਸ਼ਾਕਾਂ ਅਤੇ ਸਾਜੋ ਸਮਾਨ ਜਿਵੇਂ ਗਲੀਚੇ, ਪਰਦੇ ਕੁਸ਼ਨ ਅਤੇ ਦੂਜੇ ਸਜਾਵਟੀ ਸਾਮਾਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਸ਼ਨ-61 **ਨਾਈਲੋਨ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ? ਪਾਣੀ ਦਾ ਇਸ ਤੇ ਕੀ ਅਸਰ ਹੁੰਦਾ ਹੈ।**

ਉੱਤਰ- ਇਨ੍ਹਾਂ ਤੋਂ ਹਰ ਤਰ੍ਹਾਂ ਦੀਆਂ ਪੁਸ਼ਾਕਾਂ, ਘਰੇਲੂ ਅਤੇ ਉਦਯੋਗਿਕ ਕੱਪੜੇ, ਉੱਨ ਤੇ ਰੱਸੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਤੋਂ ਜ਼ੁਰਾਬਾਂ, ਖੇਡਾਂ ਲਈ ਪਹਿਨਣ ਵਾਲੇ ਕੱਪੜੇ ਅਤੇ ਦੂਜੀਆਂ ਤੰਗ ਪੁਸ਼ਾਕਾਂ ਬਣਾਈਆਂ ਜਾਂਦੀਆਂ ਹਨ। ਇਹ ਆਪਣੇ ਅੰਦਰ ਪਾਣੀ ਨਹੀਂ ਸੋਖ ਸਕਦੇ। ਇਸ ਕਰਕੇ ਗਰਮੀਆਂ ਦੇ ਮੌਸਮ ਵਿੱਚ ਸਰੀਰ ਦਾ ਪਸੀਨਾ ਨਾ ਸੋਖਣ ਕਰਕੇ ਇਹ ਸਰੀਰ ਲਈ ਢੁੱਕਵੇਂ ਨਹੀਂ ਹੁੰਦੇ। ਇਨ੍ਹਾਂ ਨੂੰ ਕਿਸੇ ਵੀ ਸਾਬਣ ਦੇ ਘੋਲ ਵਿੱਚ ਹੱਥਾਂ ਨਾਲ ਰਗੜ ਕੇ ਜਾਂ ਮਸ਼ੀਨਾਂ ਦੁਆਰਾ ਧੋਇਆ ਜਾ ਸਕਦਾ ਹੈ।

ਪ੍ਰਸ਼ਨ-62 **ਨਾਈਲੋਨ ਦੇ ਕੱਪੜੇ ਧੋਣੇ ਤੇ ਸੰਭਾਲਣੇ ਆਸਾਨ ਹਨ। ਕਿਉਂ?**

ਉੱਤਰ- ਨਾਈਲੋਨ ਦੇ ਸੁੱਕੇ ਤੇ ਗਿੱਲੇ ਕੱਪੜੇ ਦੀ ਮਜ਼ਬੂਤੀ ਇੱਕੋ ਜਿਹੀ ਹੋਣ ਕਰਕੇ ਇਨ੍ਹਾਂ ਨੂੰ ਧੋਣਾ ਸੌਖਾ ਹੈ। ਇਨ੍ਹਾਂ ਨੂੰ ਕਿਸੇ ਵੀ ਸਾਬਣ ਦੇ ਘੋਲ ਵਿੱਚ ਹੱਥਾਂ ਨਾਲ ਰਗੜ ਕੇ ਜਾਂ ਮਸ਼ੀਨ ਰਾਹੀਂ ਧੋਇਆ ਜਾ ਸਕਦਾ ਹੈ। ਉੱਲੀ ਅਤੇ ਲੋਹੇ ਦਾ ਇਨ੍ਹਾਂ ਤੇ ਕੋਈ ਬੁਰਾ ਅਸਰ ਨਹੀਂ ਹੁੰਦਾ ਜਿਸ ਕਰਕੇ ਇਨ੍ਹਾਂ ਦੀ ਸੰਭਾਲ ਕਰਨੀ ਬਹੁਤ ਆਸਾਨ ਹੈ। ਇਨ੍ਹਾਂ ਦੀ ਵਰਤੋਂ ਹਰ ਤਰ੍ਹਾਂ ਦੀਆਂ ਪੁਸ਼ਾਕਾਂ ਬਣਾਉਣ ਵਿੱਚ ਕੀਤੀ ਜਾਂਦੀ ਹੈ।

ਪ੍ਰਸ਼ਨ-63 **ਪੌਲੀਐਸਟਰ ਤੋਂ ਕਿਹੜੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ ਅਤੇ ਕਿਉਂ?**

ਉੱਤਰ- ਪੌਲੀਐਸਟਰ (ਟੈਰਾਲੀਨ) ਤੋਂ ਹੇਠ ਲਿਖੇ ਮਿਸ਼ਰਤ ਰੇਸ਼ੇ ਤਿਆਰ ਕੀਤੇ ਜਾਂਦੇ ਹਨ:-

ਟੈਰਾਲੀਨ+ਸੂਤੀ=ਟੈਰੀਕਾਟ

ਟੈਰਾਲੀਨ+ਉੱਨੀ= ਟੈਰੀਵੂਲ

ਟੈਰਾਲੀਨ+ ਸਿਲਕ =ਟੈਰੀਸਿਲਕ

ਟੈਰਾਲੀਨ+ਸੂਤੀ=ਟੈਰੀ ਰੂਬੀਆ

ਟੈਰਾਲੀਨ+ਸੂਤੀ=ਟੈਰੀਵਾਇਲ

ਇਹ ਰੇਸ਼ੇ ਇਸ ਲਈ ਬਣਾਏ ਜਾਂਦੇ ਹਨ ਕਿਉਂਕਿ ਇਨ੍ਹਾਂ ਰੇਸ਼ਿਆਂ ਵਿੱਚ ਕੁਦਰਤੀ ਅਤੇ ਬਣਾਉਟੀ ਦੋਨੋਂ ਰੇਸ਼ਿਆਂ ਦੇ ਗੁਣ ਆ ਜਾਂਦੇ ਹਨ।

ਪ੍ਰਸ਼ਨ-64 **ਰੇਔਨ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ ਅਤੇ ਇਨ੍ਹਾਂ ਦੇ ਗੁਣ ਕਿਹੜੇ ਕੱਪੜੇ ਨਾਲ ਮੇਲ ਖਾਂਦੇ ਹਨ?**

ਉੱਤਰ- ਰੇਔਨ ਛੋਟੇ-ਛੋਟੇ ਸੂਤੀ ਰੇਸ਼ਿਆਂ ਨੂੰ ਵੱਖ-ਵੱਖ ਰਸਾਇਣਕ ਪਦਾਰਥਾਂ ਨਾਲ ਮਿਲਾਕੇ ਬਣਦੇ ਹਨ। ਰੇਔਨ ਦੀਆਂ ਤਿੰਨ ਕਿਸਮਾਂ ਹਨ:-1. ਵਿਸਕੋਜ਼ 2. ਕਿਉਪਰਾਮੋਨੀਅਮ 3. ਨਾਈਟਰੋਸੈਲੂਲੋਜ਼। ਇਨ੍ਹਾਂ ਵਿੱਚੋਂ ਵਿਸਕੋਜ਼ ਰੇਔਨ ਸਭ ਤੋਂ ਵੱਧ ਪ੍ਰਯੋਗ ਵਿੱਚ ਲਿਆਂਦੀ ਜਾਂਦੀ ਹੈ। ਇਸ ਤੋਂ ਬੈਂਵਰ, ਜਾਰਜਟ, ਕਰੇਪ ਅਤੇ ਸਾਟਨ ਵਰਗੇ ਘੱਟ ਤੇ ਜ਼ਿਆਦਾ ਚਮਕ ਵਾਲੇ ਕੱਪੜੇ ਬਣਦੇ ਹਨ। ਇਨ੍ਹਾਂ ਦੀ ਵਰਤੋਂ ਪੁਸ਼ਾਕਾਂ ਲਈ ਕਰੇਪ ਸਾਟਨ ਨੂੰ ਘਰੇਲੂ ਵਸਤਰ ਬਣਾਉਣ ਲਈ ਕੀਤੀ ਜਾਂਦੀ ਹੈ। ਇਨ੍ਹਾਂ ਦੇ ਗੁਣ ਸੂਤੀ ਰੇਸ਼ਿਆਂ ਨਾਲ ਮੇਲ ਖਾਂਦੇ ਹਨ।

## ਪਾਠ-4 (ਕੱਪੜਿਆਂ ਦੀ ਚੋਣ)

## ਵਸਤੂਨਿਸ਼ਠ ਪ੍ਰਸ਼ਨ

### ਇੱਕ ਸ਼ਬਦ ਤੋਂ ਇੱਕ ਵਾਕ ਵਾਲੇ ਉੱਤਰਾਂ ਦੇ ਪ੍ਰਸ਼ਨ

ਪ੍ਰਸ਼ਨ-1 **ਬੱਚਿਆਂ ਅਤੇ ਬਜ਼ੁਰਗਾਂ ਲਈ ਕਿਹੜੇ ਰੰਗ ਦੇ ਕੱਪੜੇ ਖਰੀਦਣੇ ਚਾਹੀਦੇ ਹਨ?**

ਉਤਰ- ਬੱਚੇ ਅਤੇ ਬਜ਼ੁਰਗਾਂ ਲਈ ਹਲਕੇ ਰੰਗਾਂ ਵਾਲੇ ਨਰਮ ਕੱਪੜੇ ਖਰੀਦਣੇ ਚਾਹੀਦੇ ਹਨ।

ਪ੍ਰਸ਼ਨ-2 **ਪਤਲੇ ਅਤੇ ਲੰਬੇ ਮਨੁੱਖ ਨੂੰ ਕਿਸ ਤਰ੍ਹਾਂ ਦੇ ਪਰਿੰਟ ਦੇ ਕੱਪੜੇ ਪਾਉਂਣੇ ਚਾਹੀਦੇ ਹਨ।**

ਉੱਤਰ- ਪਤਲੇ ਅਤੇ ਲੰਬੇ ਮਨੁੱਖ ਨੂੰ ਚੌੜਾਈ ਰੁੱਖ ਦੀਆਂ ਲਾਈਨਾਂ ਅਤੇ ਮੋਟੇ ਪ੍ਰਿੰਟ ਵਾਲੇ ਕੱਪੜੇ ਪਾਉਂਣੇ ਚਾਹੀਦੇ ਹਨ।

ਪ੍ਰਸ਼ਨ-3 **ਸਾਂਵਲੇ ਰੰਗ ਦੇ ਵਿਅਕਤੀ ਨੂੰ ਕਿਹੋ ਜਿਹੇ ਕੱਪੜੇ ਪਾਉਂਣੇ ਚਾਹੀਦੇ ਹਨ?**

ਉੱਤਰ- ਸਾਂਵਲੇ ਰੰਗ ਦੀ ਚਮੜੀ ਵਾਲੇ ਵਿਅਕਤੀ ਨੂੰ ਹਲਕੇ ਰੰਗਾਂ ਦੇ ਕੱਪੜੇ ਪਾਉਂਣੇ ਚਾਹੀਦੇ ਹਨ।

ਪ੍ਰਸ਼ਨ-4 **ਬਰਸਾਤ ਦੇ ਮੌਸਮ ਵਿੱਚ ਕਿਸ ਤਰ੍ਹਾਂ ਦੇ ਰੇਸ਼ਿਆਂ ਤੋਂ ਬਣੇ ਕੱਪੜੇ ਠੀਕ ਰਹਿੰਦੇ ਹਨ।**

ਉੱਤਰ- ਬਰਸਾਤ ਵਾਸਤੇ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜੇ ਠੀਕ ਰਹਿੰਦੇ ਹਨ।

ਪ੍ਰਸ਼ਨ-5 **ਰਾਤ ਨੂੰ ਕਿਸ ਤਰ੍ਹਾਂ ਦੇ ਕੱਪੜੇ ਪਹਿਨਣੇ ਚਾਹੀਦੇ ਹਨ?**

ਉੱਤਰ- ਰਾਤ ਨੂੰ ਪਹਿਨਣ ਵਾਸਤੇ ਸਧਾਰਨ, ਮੁਲਾਇਮ ਅਤੇ ਖੁੱਲ੍ਹੇ ਕੱਪੜੇ ਪਹਿਨਣੇ ਚਾਹੀਦੇ ਹਨ।

ਪ੍ਰਸ਼ਨ-6 **ਸਫ਼ਰ ਵਾਸਤੇ ਕਿਸ ਤਰ੍ਹਾਂ ਦੇ ਕੱਪੜਿਆਂ ਦੀ ਚੋਣ ਕਰਨੀ ਚਾਹੀਦੀ ਹੈ?**

ਉੱਤਰ- ਸਫ਼ਰ ਵਾਸਤੇ ਸਧਾਰਨ, ਅਰਾਮਦਾਇਕ, ਖੁੱਲ੍ਹੇ ਅਤੇ ਗੂੜ੍ਹੇ ਰੰਗਾਂ ਦੇ ਕੱਪੜੇ ਠੀਕ ਰਹਿੰਦੇ ਹਨ।

ਪ੍ਰਸ਼ਨ-7 **ਖੁਸ਼ੀ ਦੇ ਮੌਕਿਆਂ ਲਈ ਕੱਪੜਿਆਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?**

ਉੱਤਰ- ਖੁਸ਼ੀ ਦੇ ਮੌਕੇ ਤੇ ਕੀਮਤੀ, ਚਮਕੀਲਾ, ਵਧੀਆ ਨਮੂਨਿਆਂ ਅਤੇ ਦਿਲ ਖਿੱਚਵੇਂ ਰੰਗਾਂ ਵਾਲੇ ਕੱਪੜਿਆਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ।

ਪ੍ਰਸ਼ਨ-8 **ਗਮੀ ਦੇ ਮੌਕੇ ਤੇ ਕਿਹੋ ਜਿਹੇ ਰੰਗਾਂ ਦੇ ਕੱਪੜੇ ਪਾਉਂਣੇ ਚਾਹੀਦੇ ਹਨ?**

ਉੱਤਰ- ਗਮੀ ਦੇ ਮੌਕੇ ਤੇ ਹਲਕੇ ਜਾਂ ਚਿੱਟੇ ਰੰਗਾਂ ਦੀਆਂ ਪੁਸ਼ਾਕਾਂ ਪਾਉਣੀਆਂ ਚਾਹੀਦੀਆਂ ਹਨ।

ਪ੍ਰਸ਼ਨ-9 **ਘੱਟ ਆਮਦਨ ਵਰਗ ਦੇ ਲੋਕਾਂ ਨੂੰ ਕਿਹੜੇ ਆਧਾਰ ਤੇ ਕੱਪੜਿਆਂ ਦੀ ਚੋਣ ਕਰਨੀ ਚਾਹੀਦੀ ਹੈ?**

ਉੱਤਰ- ਘੱਟ ਆਮਦਨ ਵਰਗ ਦੇ ਲੋਕਾਂ ਨੂੰ ਸਸਤੇ, ਪੱਕੇ ਰੰਗ, ਪ੍ਰਿੰਟ ਵਾਲੇ ਅਤੇ ਹੰਢਣਸਾਰ ਕੱਪੜੇ ਖਰੀਦਣੇ ਚਾਹੀਦੇ ਹਨ।

ਪ੍ਰਸ਼ਨ-10 **ਦੈਨਿਕ ਜ਼ਿੰਦਗੀ ਵਿੱਚ ਕਿਹੜੇ ਰੇਸ਼ਿਆਂ ਤੋਂ ਬਣੇ ਕੱਪੜੇ ਸਭ ਤੋਂ ਵੱਧ ਪ੍ਰੱਚਲਿਤ ਹੋ ਰਹੇ ਹਨ?**

ਉੱਤਰ- ਸਿੰਥੈਟਿਕ (ਬਣਾਉਟੀ) ਰੇਸ਼ੇ ਵਾਲੇ

ਪ੍ਰਸ਼ਨ-11 **ਸਿਲਕ ਨੂੰ ਕੱਪੜਿਆਂ ਦੀ ਰਾਣੀ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਇਸ ਦੀ ਚਮਕ, ਚਿਕਨਾਈ, ਮਜ਼ਬੂਤੀ ਅਤੇ ਸੁੰਦਰਤਾ ਅਤੇ ਸੁੰਦਰਤਾ ਲਈ

ਪ੍ਰਸ਼ਨ-12 **ਸਾਂਵਲੇ ਰੰਗ ਦੀ ਚਮੜੀ ਵਾਲੇ ਵਿਅਕਤੀ ਨੂੰ ਕਿਸ ਤਰ੍ਹਾਂ ਦੇ ਰੰਗਾਂ ਦੀ ਚੋਣ ਕਰਨੀ ਚਾਹੀਦੀ ਹੈ?**

ਉੱਤਰ- ਹਲਕਾ ਨੀਲਾ, ਹਰਾ, ਫਿਰੋਜੀ, ਗੁਲਾਬੀ, ਬਦਾਮੀ ਅਤੇ ਮੋਤੀਆ ਰੰਗ ਦੇ ਕੱਪੜੇ।

**ਖਾਲੀ ਸਥਾਨ ਭਰੋ**

13. ਸਰਦੀਆਂ ਲਈ <u>ਊਨੀ</u> ਕੱਪੜੇ ਠੀਕ ਰਹਿੰਦੇ ਹਨ।

14. ਸਿਲਕ ਨੂੰ ਕੱਪੜਿਆਂ ਦੀ <u>ਰਾਣੀ</u> ਕਿਹਾ ਗਿਆ ਹੈ।

15. ਦੈਨਿਕ ਜ਼ਿੰਦਗੀ ਵਿੱਚ <u>ਸਿੰਥੈਟਿਕ (ਬਣਾਉਟੀ)</u> ਰੇਸ਼ਿਆਂ ਤੋਂ ਬਣੇ ਕੱਪੜੇ ਵਧੇਰੇ ਪ੍ਰੱਚਲਿਤ ਹੋ ਰਹੇ ਹਨ।

16. ਮੌਕੇ ਅਨੁਸਾਰ ਕੱਪੜੇ ਦੀ ਚੋਣ ਕਰਨੀ ਠੀਕ ਰਹਿੰਦੀ ਹੈ।

17. ਖੇਡਣ ਵਾਸਤੇ ਮਜ਼ਬੂਤ ਅਤੇ ਖੁੱਲ੍ਹੀ ਪੁਸ਼ਾਕ ਚਾਹੀਦੀ ਹੈ।

18. ਰਾਤ ਨੂੰ ਪਹਿਨਣ ਵਾਸਤੇ ਸਧਾਰਨ, ਮੁਲਾਇਮ ਅਤੇ ਖੁੱਲ੍ਹੇ ਕੱਪੜੇ ਚਾਹੀਦੇ ਹਨ।

19. ਮੁਸਲਮਾਨ ਔਰਤਾਂ ਲਈ ਬੁਰਕਾ ਪਹਿਨਣਾ ਕਾਫ਼ੀ ਮਹੱਤਵਪੂਰਨ ਹੈ।

20. ਸਰਦਾਰ ਆਦਮੀਆਂ ਲਈ ਸਿਰ ਤੇ ਪੱਗੜੀ ਪਹਿਨਣਾ ਧਰਮ ਦੀ ਨਿਸ਼ਾਨੀ ਹੈ।

21. ਉਮਰ ਅਨੁਸਾਰ ਕੱਪੜੇ ਦੀ ਚੋਣ ਕਰਨੀ ਚਾਹੀਦੀ ਹੈ।

22. ਬਰਸਾਤ ਵਾਸਤੇ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜੇ ਠੀਕ ਰਹਿੰਦੇ ਹਨ।

**ਸਹੀ/ਗਲਤ ਦੱਸੋ**

23. ਸਰਦੀਆਂ ਲਈ ਊਨੀ ਕੱਪੜੇ ਠੀਕ ਰਹਿੰਦੇ ਹਨ। (✓)

24. ਸਿਲਕ ਨੂੰ ਇਸ ਦੀ ਚਮਕ, ਚਿਕਨਾਈ, ਮਜ਼ਬੂਤੀ ਅਤੇ ਸੁੱਹਪਣ ਕਰਕੇ ਕੱਪੜਿਆਂ ਦੀ ਰਾਣੀ ਕਿਹਾ ਗਿਆ ਹੈ। (✓)

25. ਮੌਕੇ ਅਨੁਸਾਰ ਕੱਪੜੇ ਦੀ ਚੋਣ ਨਹੀਂ ਕਰਨੀ ਚਾਹੀਦੀ। (✗)

26. ਖੇਡਣ ਵਾਸਤੇ ਮਜ਼ਬੂਤ ਅਤੇ ਖੁੱਲ੍ਹੀ ਪੁਸ਼ਾਕ ਨਹੀਂ ਚਾਹੀਦੀ। (✗)

27. ਸਰਦਾਰ ਆਦਮੀਆਂ ਲਈ ਸਿਰ ਤੇ ਪੱਗੜੀ ਪਹਿਨਣਾ ਧਰਮ ਦੀ ਨਿਸ਼ਾਨੀ ਨਹੀਂ ਹੈ। (✗)

28. ਬਰਸਾਤ ਵਾਸਤੇ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜੇ ਠੀਕ ਰਹਿੰਦੇ ਹਨ। (✓)

29. ਮੁਸਲਮਾਨ ਔਰਤਾਂ ਲਈ ਬੁਰਕਾ ਪਹਿਨਣਾ ਕਾਫ਼ੀ ਮਹੱਤਵਪੂਰਨ ਹੈ। (✓)

30. ਬੱਚਿਆਂ ਅਤੇ ਬਜ਼ੁਰਗਾਂ ਲਈ ਹਲਕੇ ਰੰਗਾਂ ਵਾਲੇ ਨਰਮ ਕੱਪੜੇ ਖਰੀਦਣੇ ਚਾਹੀਦੇ ਹਨ। (✓)

31. ਰਾਤ ਨੂੰ ਪਹਿਨਣ ਵਾਸਤੇ ਸਧਾਰਨ, ਮੁਲਾਇਮ ਅਤੇ ਖੁੱਲ੍ਹੇ ਕੱਪੜੇ ਨਹੀਂ ਪਾਉਣੇ ਚਾਹੀਦੇ। (✗)

ਬਹੁ ਚੋਣਵੇਂ ਪ੍ਰਸ਼ਨ

ਪ੍ਰਸ਼ਨ-32 **ਸਰਦੀਆਂ ਲਈ ਕਿਹੜੇ ਕੱਪੜੇ ਠੀਕ ਰਹਿੰਦੇ ਹਨ?**

ਉੱਤਰ- 1. ਮਲਮਲ ਦੇ 2. ਰੂਬੀਆ ਦੇ 3. **ਊਨੀ (✓)** 4. ਆਰਕੰਡੀ।

ਪ੍ਰਸ਼ਨ-33 **ਸਿਲਕ ਦੇ ਕੱਪੜੇ ਕਿਹੜੇ ਮੌਸਮ ਵਿੱਚ ਪਾਉਣੇ ਚਾਹੀਦੇ ਹਨ?**

ਉੱਤਰ- 1. ਗਰਮੀ ਵਿੱਚ 2. **ਸਰਦੀ ਵਿੱਚ (✓)** 3. ਬਰਸਾਤ ਵਿੱਚ 4. ਬਸੰਤ ਰੁੱਤ ਵਿੱਚ

ਪ੍ਰਸ਼ਨ-34 **ਪਤਲੇ ਅਤੇ ਲੰਬੇ ਮਨੁੱਖ ਨੂੰ ਕਿਸ ਤਰ੍ਹਾਂ ਦੀ ਲਾਈਨਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ?**

ਉੱਤਰ- 1. ਲੰਬਾਈ ਵਾਲੀਆਂ ਲਾਈਨਾਂ 2. **ਚੌੜਾਈ ਵਾਲੀਆਂ ਲਾਈਨਾਂ (✓)** 3. ਤਿਰਛੀਆਂ ਲਾਈਨਾਂ 4. ਆਡੀਆਂ ਲਾਈਨਾਂ ਵਾਲੇ।

ਪ੍ਰਸ਼ਨ-35 **ਸਾਂਵਲੇ ਰੰਗ ਦੇ ਵਿਅਕਤੀ ਨੂੰ ਕਿਹੋ-ਜਿਹੇ ਰੰਗ ਦੇ ਕੱਪੜੇ ਪਾਉਣੇ ਚਾਹੀਦੇ ਹਨ?**

ਉੱਤਰ- 1. ਕਾਲੇ ਰੰਗ ਦੇ 2. ਲਾਲ ਰੰਗ ਦੇ 3. **ਬਦਾਮੀ ਰੰਗ ਦੇ (✓)** 4. ਗੂੜ੍ਹੇ ਰੰਗ ਦੇ

ਪ੍ਰਸ਼ਨ-36 **ਖੇਡਣ ਵਾਸਤੇ ਕਿਹੋ-ਜਿਹੀ ਪੁਸ਼ਾਕ ਚਾਹੀਦੀ ਹੈ?**

ਉੱਤਰ- **1. ਮਜ਼ਬੂਤ ਅਤੇ ਖੁੱਲ੍ਹੀ (✓)** 2. ਮੁਲਾਇਮ 3. ਅਰਾਮਦਾਇਕ 4. ਗੂੜ੍ਹੇ ਨੀਲੇ ਰੰਗ ਦੀ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-37 **ਕੱਪੜਿਆਂ ਦੀ ਚੋਣ ਤੇ ਅਸਰ ਪਾਉਣ ਵਾਲੇ ਚਾਰ ਕਾਰਕਾਂ ਬਾਰੇ ਦੱਸੋ। ਕਿਸੇ ਇੱਕ ਦੀ ਵਿਆਖਿਆ ਕਰੋ।**

ਉੱਤਰ- ਕੱਪੜਿਆਂ ਦੀ ਚੋਣ ਤੇ ਅਨੇਕਾਂ ਕਾਰਕ ਅਸਰ ਪਾਉਂਦੇ ਹਨ। ਇਨ੍ਹਾਂ ਵਿੱਚ ਮੁੱਖ ਚਾਰ ਇਸ ਤਰ੍ਹਾਂ ਹਨ:- 1. ਉਮਰ 2. ਲਿੰਗ 3. ਸਰੀਰ ਦੀ ਬਣਤਰ 4. ਚਮੜੀ ਦਾ ਰੰਗ

1. ਉਮਰ:- ਕੱਪੜੇ ਦੀ ਕਿਸਮ, ਰੰਗ, ਨਮੂਨਾ ਅਤੇ ਆਕਾਰ ਵਿਅਕਤੀ ਦੀ ਉਮਰ ਅਨੁਸਾਰ ਵੱਖ-ਵੱਖ ਹੁੰਦੇ ਹਨ। ਜਿਵੇਂ ਹਲਕੇ ਰੰਗਾਂ ਵਾਲੇ ਨਰਮ ਕੱਪੜੇ ਛੋਟੇ ਬੱਚਿਆਂ ਤੇ ਬਜ਼ੁਰਗਾਂ ਲਈ ਠੀਕ ਰਹਿੰਦੇ ਹਨ।

ਪ੍ਰਸ਼ਨ-38 **ਮੌਸਮ ਬਦਲਣ ਨਾਲ ਕੱਪੜਿਆਂ ਦੀ ਚੋਣ ਤੇ ਕੀ ਅਸਰ ਪੈਂਦਾ ਹੈ?**

ਉੱਤਰ- ਮੌਸਮ ਬਦਲਣ ਨਾਲ ਕੱਪੜਿਆਂ ਦੀ ਚੋਣ ਵੀ ਬਦਲ ਜਾਂਦੀ ਹੈ ਜਿਵੇਂ ਬਰਸਾਤ ਲਈ ਬਣਾਉਟੀ ਕੱਪੜੇ ਠੀਕ ਰਹਿੰਦੇ ਹਨ ਕਿਉਂਕਿ ਇਹ ਛੇਤੀ ਸੁੱਕ ਜਾਂਦੇ ਹਨ। ਸੂਤੀ ਕੱਪੜੇ ਆਪਣੇ ਗੁਣਾਂ ਕਾਰਨ ਗਰਮੀਆਂ ਲਈ ਸਭ ਤੋਂ ਵੱਧ ਆਰਾਮਦਾਇਕ ਹੁੰਦੇ ਹਨ। ਊਨੀ ਕੱਪੜੇ ਕੇਵਲ ਸਰਦੀਆਂ ਵਿੱਚ ਹੀ ਪਾਏ ਜਾਂਦੇ ਹਨ। ਸਿਲਕ ਤੇ ਬਣਾਉਟੀ ਕੱਪੜੇ ਸਰਦੀਆਂ ਲਈ ਠੀਕ ਰਹਿੰਦੇ ਹਨ ਆਦਿ।

ਪ੍ਰਸ਼ਨ-39 **ਵੱਖ-ਵੱਖ ਕਿਸਮ ਦੇ ਰੁਝੇਵੇਂ ਕੱਪੜੇ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?**

ਉੱਤਰ- ਬਾਹਰ ਪਹਿਨਣ ਵਾਲੇ ਕੱਪੜੇ ਵਧੀਆ ਕਿਸਮ ਦੇ ਕੱਪੜਿਆਂ ਤੋਂ ਬਣੇ ਹੁੰਦੇ ਹਨ ਜਦੋਂ ਕਿ ਘਰ ਪਹਿਨਣ ਵਾਲੇ ਦਰਮਿਆਨੀ ਕਿਸਮ ਤੋਂ ਖੇਡਣ ਲਈ ਮਜ਼ਬੂਤ ਤੇ ਖੁੱਲ੍ਹੀ ਪੁਸ਼ਾਕ ਚਾਹੀਦੀ ਹੈ। ਰਾਤ ਨੂੰ ਪਹਿਨਣ ਲਈ ਸਧਾਰਨ, ਮੁਲਾਇਮ ਅਤੇ ਖੁੱਲ੍ਹੇ ਕੱਪੜੇ ਚਾਹੀਦੇ ਹਨ। ਸਫ਼ਰ ਲਈ ਸਧਾਰਨ ਪਰੰਤੂ ਆਰਾਮਦਾਇਕ ਤੇ ਗੂੜ੍ਹੇ ਰੰਗ ਦੇ ਕੱਪੜੇ ਠੀਕ ਰਹਿੰਦੇ ਹਨ।

ਪ੍ਰਸ਼ਨ-40 **ਸਰੀਰਕ ਬਣਾਵਟ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

ਉੱਤਰ- ਕੱਪੜਾ ਸਰੀਰ ਦੀ ਬਣਤਰ ਅਨੁਸਾਰ ਪਾਉਣਾ ਚਾਹੀਦਾ ਹੈ। ਹਰੇਕ ਵਿਅਕਤੀ ਦੇ ਸਰੀਰ ਦੀ ਬਣਤਰ ਵੱਖਰੀ ਹੁੰਦੀ ਹੈ ਪਰੰਤੂ ਹਰ ਕੋਈ ਚਾਹੁੰਦਾ ਹੈ ਕਿ ਜਿਹੜਾ ਕੱਪੜਾ ਉਹ ਪਾਏ, ਉਸ ਦੇ ਸਰੀਰ ਤੇ ਸੋਹਣਾ ਲੱਗੇ। ਜਿਵੇਂ ਕਿ ਕੋਈ ਮੋਟਾ ਹੈ ਤਾਂ ਉਹ ਅਜਿਹੇ ਕੱਪੜੇ ਪਾਏ ਜਿਸ ਨਾਲ ਘੱਟ ਮੋਟਾ ਲੱਗੇ।

ਪ੍ਰਸ਼ਨ-41 **ਖੁਸ਼ੀ ਤੇ ਗਮੀ ਦੇ ਮੌਕਿਆਂ ਲਈ ਕੱਪੜਿਆਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?**

ਉੱਤਰ- ਖੁਸ਼ੀ ਦੇ ਮੌਕੇ ਤੇ ਕੀਮਤੀ , ਚਮਕੀਲੀਆਂ, ਵਧੀਆ ਨਮੂਨਿਆਂ ਅਤੇ ਦਿਲ ਖਿੱਚਵੇਂ ਰੰਗਾਂ ਦੀਆਂ ਪੁਸ਼ਾਕਾਂ ਪਹਿਨੀਆਂ ਜਾਂਦੀਆਂ ਹਨ। ਇਸ ਦੇ ਉਲਟ ਗਮੀ ਦੇ ਮੌਕਿਆਂ ਤੇ ਚਿੱਟੇ ਰੰਗ, ਹਲਕੇ ਰੰਗ ਜਾਂ ਕਾਲੇ ਰੰਗ ਦੀਆਂ ਪੁਸ਼ਾਕਾਂ ਪਹਿਨੀਆਂ ਜਾਂਦੀਆਂ ਹਨ।

ਪ੍ਰਸ਼ਨ-42 **ਘੱਟ ਆਮਦਨ ਵਾਲੇ ਵਰਗ ਦੇ ਲੋਕਾਂ ਨੂੰ ਕੱਪੜਿਆਂ ਦੀ ਚੋਣ ਕਿਸ ਆਧਾਰ ਤੇ ਕਰਨੀ ਚਾਹੀਦੀ ਹੈ?**

ਉੱਤਰ- ਘੱਟ ਆਮਦਨ ਵਾਲੇ ਵਿਅਕਤੀ ਨੂੰ ਸਸਤੇ, ਗੂੜ੍ਹੇ ਪੱਕੇ ਰੰਗ ਦੇ ਪਰਿੰਟ ਵਾਲੇ, ਪਰੰਤੂ ਹੰਢਣਸਾਰ ਕੱਪੜੇ ਖਰੀਦਣੇ ਚਾਹੀਦੇ ਹਨ। ਅਜਿਹੀ ਕਿਸਮ ਦੀ ਪੁਸ਼ਾਕ ਬਣਾਉਣੀ ਚਾਹੀਦੀ ਹੈ ਜਿਹੜੀ ਵੱਧ ਤੋਂ ਵੱਧ ਰੁਝੇਵਿਆਂ ਲਈ ਪਹਿਨੀ ਜਾ ਸਕੇ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-43 **ਕੱਪੜੇ ਦੀ ਕਿਸਮ ਕੱਪੜਿਆਂ ਦੀ ਚੋਣ ਸਮੇਂ ਵੱਧ ਮਹੱਤਵਪੂਰਨ ਕਿਉਂ ਹੈ?**

ਉੱਤਰ- ਕਿਸੇ ਵੀ ਮੌਸਮ, ਮੌਕੇ ਜਾਂ ਉਮਰ ਲਈ ਕੱਪੜਾ ਖਰੀਦਣਾ ਹੋਵੇ ਤਾਂ ਕੱਪੜੇ ਦੀ ਕਿਸਮ ਜਾਣਨਾ ਜ਼ਰੂਰੀ ਹੈ। ਬਾਜ਼ਾਰ ਵਿੱਚ ਸੂਤੀ ਸਿਲਕ ਤੇ ਸਿੰਥੈਟਿਕ ਕਈ ਕਿਸਮ ਦੇ ਕੱਪੜੇ ਮਿਲਦੇ ਹਨ। ਦੈਨਿਕ ਜ਼ਿੰਦਗੀ ਵਿੱਚ ਸਿੰਥੈਟਿਕ ਰੇਸ਼ਿਆਂ ਤੋਂ ਬਣੇ ਕੱਪੜੇ ਸਭ ਤੋਂ ਵੱਧ ਪ੍ਰਚਲਿਤ ਹੋ ਰਹੇ ਹਨ ਕਿਉਂਕਿ ਇਹ ਮਜ਼ਬੂਤ, ਹੰਢਣਸਾਰ ਹੁੰਦੇ ਹਨ ਅਤੇ ਧੋਣੇ, ਪ੍ਰੈਸ ਕਰਨੇ ਅਤੇ ਸੰਭਾਲਣੇ ਆਸਾਨ ਹਨ। ਇਨ੍ਹਾਂ ਦੇ ਰੰਗ ਖਰਾਬ ਨਹੀਂ ਹੁੰਦੇ। ਇਸ ਲਈ ਇਹ ਸਾਂਝੀ ਕਿਸਮ ਦੇ ਰੇਸ਼ੇ ਵਰਤ ਕੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ ਜਿਵੇਂ ਕਿ ਟੈਰੀਕਾਟ, ਪੌਲੀਵਸਤਰ, ਟੈਰੀਵੂਲਨ ਆਦਿ।

ਪ੍ਰਸ਼ਨ-44 **ਫੈਸ਼ਨ ਅਤੇ ਸਮਾਜਿਕ ਰਿਵਾਜ਼ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?**

ਉੱਤਰ- ਫੈਸ਼ਨ- ਅੱਜ ਦੇ ਜ਼ਮਾਨੇ ਵਿੱਚ ਵੱਧਦੀ ਵਿੱਦਿਆ, ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਦੇ ਨਾਲ-ਨਾਲ ਫੈਸ਼ਨ ਦੀ ਮਹੱਤਤਾ ਵੀ ਬਹੁਤ ਵੱਧ ਗਈ ਹੈ। ਫੈਸ਼ਨ ਕੱਪੜੇ ਪਹਿਨਣ ਦੀ ਉਹ ਕਲਾ ਹੈ ਜਿਹੜੀ ਵੱਖ-ਵੱਖ ਸਮਿਆਂ ਤੇ ਫੈਸ਼ਨ ਵਿੱਚ ਤਬਦੀਲੀ ਲਿਆਉਂਦੀ ਰਹਿੰਦੀ ਹੈ।

ਰਿਵਾਜ਼- ਹਰੇਕ ਸਮਾਜਿਕ ਸਮੂਹ ਦੇ ਆਪਣੇ ਕੁਝ ਅਸੂਲ ਜਾਂ ਰਿਵਾਜ਼ ਹੁੰਦੇ ਹਨ ਹਰੇਕ ਮਨੁੱਖ ਨੂੰ ਇਨ੍ਹਾਂ ਅਨੁਸਾਰ ਚਲਣਾ ਪੈਂਦਾ ਹੈ। ਜਿਵੇਂ ਧਾਰਮਿਕ ਸਥਾਨਾਂ ਤੇ ਜਾਣ ਸਮੇਂ ਸਿਰ ਢੱਕ ਕੇ ਜਾਣਾ ਪੈਂਦਾ ਹੈ ਅਤੇ ਸ਼ੋਕ ਸਥਾਨ ਤੇ ਜਾਣ ਲਈ ਸਫ਼ੈਦ ਜਾਂ ਹਲਕੇ ਰੰਗ ਦੀ ਪੁਸ਼ਾਕ ਪਹਿਨ ਕੇ ਜਾਣਾ ਪੈਂਦਾ ਹੈ। ਮੁਸਲਮਾਨ ਔਰਤਾਂ ਲਈ ਬੁਰਕਾ ਪਹਿਨਣਾ ਕਾਫ਼ੀ ਮਹੱਤਵਪੂਰਨ ਹੈ ਅਤੇ ਸਰਦਾਰ ਆਦਮੀਆਂ ਲਈ ਸਿਰ ਤੇ ਪਗੜੀ ਪਹਿਨਣਾ ਧਰਮ ਦੀ ਨਿਸ਼ਾਨੀ ਹੈ।

ਪ੍ਰਸ਼ਨ-45 **ਭੂਗੋਲਿਕ ਸਥਿਤੀ ਅਤੇ ਮੌਸਮ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?**

ਉੱਤਰ- ਗਰਮ ਪੌਣ-ਪਾਣੀ ਵਾਲੇ ਦੇਸ਼ਾਂ ਦੇ ਵਾਸੀਆਂ ਲਈ ਕੱਪੜੇ ਪਤਲੇ, ਮੁਲਾਇਮ, ਪਸੀਨਾ ਸੋਖਣ ਵਾਲੇ ਤੇ ਠੰਢਕ ਪਹੁੰਚਾਉਣ ਵਾਲੇ ਅਤੇ ਹਲਕੇ ਰੰਗਾਂ ਦੇ ਹੋਣਗੇ, ਪਰੰਤੂ ਸਰਦ ਇਲਾਕਿਆਂ ਦੇ ਕੱਪੜੇ ਮੋਟੇ, ਨਿੱਘੇ ਅਤੇ ਗੂੜ੍ਹੇ ਰੰਗਾਂ ਵਿੱਚ ਹੋਣਗੇ। ਇਸ ਤਰ੍ਹਾਂ ਮੌਸਮ ਵੀ ਕੱਪੜਿਆਂ ਦੀ ਚੋਣ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ ਕਿ ਬਰਸਾਤ ਦੇ ਦਿਨਾਂ ਵਿੱਚ ਅਸੀਂ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜੇ ਪਹਿਨਣੇ ਠੀਕ ਸਮਝਦੇ ਹਾਂ ਕਿਉਂਕਿ ਇਹ ਛੇਤੀ ਸੁੱਕ ਜਾਂਦੇ ਹਨ। ਸੂਤੀ ਕੱਪੜੇ ਆਪਣੇ ਗੁਣਾਂ ਕਾਰਨ ਗਰਮੀਆਂ ਵਿੱਚ ਸਭ ਤੋਂ ਵੱਧ ਆਰਾਮਦਾਇਕ ਹੁੰਦੇ ਹਨ। ਉੱਨੀ ਕੱਪੜੇ ਕੇਵਲ ਸਰਦੀਆਂ ਵਿੱਚ ਪਾਏ ਜਾਂਦੇ ਹਨ।

ਪ੍ਰਸ਼ਨ-46 **ਵਿਅਕਤੀ ਦੀ ਚਮੜੀ ਦਾ ਰੰਗ ਅਤੇ ਬਨਾਵਟ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?**

ਉੱਤਰ- ਚਮੜੀ ਦਾ ਰੰਗ-ਕਈ ਕੱਪੜਿਆਂ ਦਾ ਰੰਗ, ਨਮੂਨਾ ਅਤੇ ਬਣਤਰ ਚਮੜੀ ਤੇ ਰੰਗਾਂ ਨੂੰ ਹੋਰ ਵੀ ਨਿਖਾਰ ਦਿੰਦਾ ਹੈ ਜਿਵੇਂ ਹਲਕਾ ਨੀਲਾ, ਹਰਾ, ਫਿਰੋਜ਼ੀ, ਗੁਲਾਬੀ, ਬਦਾਮੀ ਤੇ ਮੋਤੀਆ ਰੰਗ ਦੇ ਕੱਪੜਿਆਂ ਨਾਲ ਸਾਂਵਲੇ ਰੰਗ ਵਿੱਚ ਵੀ ਨਿਖਾਰ ਆ ਜਾਂਦਾ ਹੈ। ਗੋਰੇ ਰੰਗ ਦੀ ਚਮੜੀ ਵਾਲੇ ਵਿਅਕਤੀਆਂ ਲਈ ਹਲਕੇ ਅਤੇ ਗੂੜ੍ਹੇ ਸਾਰੇ ਰੰਗ ਫੱਬ ਜਾਂਦੇ ਹਨ।

ਬਨਾਵਟ-ਕੱਪੜਾ ਸਰੀਰ ਦੀ ਬਣਤਰ ਅਨੁਸਾਰ ਹੀ ਪਹਿਨਣਾ ਚਾਹੀਦਾ ਹੈ ਜਿਵੇਂ ਪਤਲੇ ਅਤੇ ਲੰਬੇ ਮਨੁੱਖ ਨੂੰ ਚੌੜਾਈ ਵੱਲ ਦੀ ਲਾਈਨਾਂ ਅਤੇ ਮੋਟੇ ਪਰਿੰਟ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ।

ਪ੍ਰਸ਼ਨ-47 **ਕੱਪੜੇ ਦੀ ਚੋਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹੜੇ-ਕਿਹੜੇ ਹਨ? ਕਿਸੇ ਇੱਕ ਦਾ ਵਰਣਨ ਕਰੋ।**

ਉੱਤਰ- ਕੱਪੜੇ ਦੀ ਚੋਣ ਤੇ ਅਸਰ ਪਾਉਣ ਵਾਲੇ ਹੇਠ ਲਿਖੇ ਕਾਰਕ ਹਨ:-

1. ਉਮਰ 2. ਲਿੰਗ 3. ਸਰੀਰ ਦੀ ਬਣਾਵਟ 4. ਚਮੜੀ ਦਾ ਰੰਗ 5.ਭੂਗੋਲਿਕ ਸਥਿਤੀ 6. ਰੁੱਤ ਜਾਂ ਮੌਸਮ 7. ਵੱਖ-ਵੱਖ ਰੁਝੇਵੇਂ 8. ਮੌਕਾ, ਅਵਸਰ ਤੇ ਤਿਉਹਾਰ 9. ਸਮਾਜਿਕ ਅਤੇ ਧਾਰਮਿਕ ਰਿਵਾਜ਼ 10. ਫੈਸ਼ਨ 11. ਆਮਦਨ 12. ਕੱਪੜੇ ਦੀ ਕਿਸਮ।

**1. ਉਮਰ-** ਕੱਪੜੇ ਦੀ ਕਿਸਮ, ਰੰਗ, ਨਮੂਨਾ ਅਤੇ ਆਕਾਰ ਵਿਅਕਤੀ ਦੀ ਉਮਰ ਅਨੁਸਾਰ ਵੱਖ-ਵੱਖ ਹੁੰਦੇ ਹਨ। ਜਿਵੇਂ ਕਿ ਹਲਕੇ ਰੰਗਾਂ ਵਾਲੇ ਨਰਮ ਕੱਪੜੇ ਛੋਟੇ ਬੱਚਿਆਂ ਤੇ ਬਜੁਰਗਾਂ ਲਈ ਠੀਕ ਰਹਿੰਦੇ ਹਨ। ਜਵਾਨ-ਮੁੰਡੇ-ਕੁੜੀਆਂ ਲਈ ਹਰ ਤਰ੍ਹਾਂ ਦੇ ਕੱਪੜੇ ਵਰਤੋਂ ਵਿੱਚ ਲਿਆਏ ਜਾ ਸਕਦੇ ਹਨ।

## ਪਾਠ-5 (ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ)

## ਵਸਤੂਨਿਸ਼ਠ ਪ੍ਰਸ਼ਨ

### ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ-1 ਰੇਖਾਂਵਾ ਕਿੰਨੀ ਕਿਸਮ ਦੀਆਂ ਅਤੇ ਕਿਹੜੀਆਂ ਹੁੰਦੀਆਂ ਹਨ?

ਉੱਤਰ- ਚਾਰ ਕਿਸਮ:- 1. ਖੜ੍ਹਵੀਆਂ 2. ਲੇਟਵੀਆਂ 3. ਤਿਰਛੀਆਂ 4. ਗੋਲ

ਪ੍ਰਸ਼ਨ-2 **ਰੰਗਾਂ ਨੂੰ ਮੁੱਖ ਤੌਰ ਤੇ ਕਿੰਨੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ?**

ਉੱਤਰ- ਤਿੰਨ:- 1. ਪਹਿਲੇ ਦਰਜੇ ਦੇ ਰੰਗ 2. ਦੂਜੇ ਦਰਜੇ ਦੇ ਰੰਗ 3. ਤੀਜੇ ਦਰਜੇ ਦੇ ਰੰਗ

ਪ੍ਰਸ਼ਨ-3 **ਡਿਜ਼ਾਇਨ ਦੇ ਮੂਲ ਅੰਸ਼ ਕਿੰਨੇ ਹਨ?**

ਉੱਤਰ- ਚਾਰ

ਪ੍ਰਸ਼ਨ-4 **ਡਿਜ਼ਾਇਨ ਦੇ ਪੰਜ ਮੂਲ ਸਿਧਾਂਤ ਕਿਹੜੇ ਹਨ?**

ਉੱਤਰ- ਇੱਕਸੁਰਤਾ, ਅਨੁਪਾਤ, ਸੰਤੁਲਨ, ਲੈਅ, ਬੱਲ।

ਪ੍ਰਸ਼ਨ-5 **ਪਹਿਲੇ ਦਰਜੇ ਦੇ ਰੰਗ ਕਿਹੜੇ ਹਨ?**

ਉੱਤਰ- ਪੀਲਾ, ਨੀਲਾ, ਲਾਲ

ਪ੍ਰਸ਼ਨ-6 **ਜਦੋਂ ਪਹਿਲੇ ਦਰਜੇ ਦੇ ਦੋ ਰੰਗਾਂ ਨੂੰ ਮਿਲਾਇਆ ਜਾਂਦਾ ਹੈ ਤਾਂ ਕਿਹੜੇ ਰੰਗ ਬਣਦੇ ਹਨ?**

ਉੱਤਰ- ਦੂਜੇ ਦਰਜੇ ਦੇ ਰੰਗ

ਪ੍ਰਸ਼ਨ-7 **ਦੂਜੇ ਦਰਜੇ ਦੇ ਕਿੰਨੇ ਰੰਗ ਹਨ?**

ਉੱਤਰ- ਤਿੰਨ

ਪ੍ਰਸ਼ਨ-8 **ਦੂਜੇ ਦਰਜੇ ਦੇ ਰੰਗ ਕਿਹੜੇ ਹਨ?**

ਉੱਤਰ- ਹਰਾ, ਜਾਮਣੀ, ਸੰਤਰੀ।

ਪ੍ਰਸ਼ਨ-9 **ਤੀਜੇ ਦਰਜੇ ਦੇ ਰੰਗ ਕਿੰਨੇ ਹਨ?**

ਉੱਤਰ- ਛੇ

ਪ੍ਰਸ਼ਨ-10 **ਗਰਮ ਰੰਗ ਕਿਹੜੇ ਹਨ? ਨਾਂ ਲਿਖੋ।**

ਉੱਤਰ- ਲਾਲ, ਪੀਲਾ, ਸੰਤਰੀ

ਪ੍ਰਸ਼ਨ-11 **ਠੰਡੇ ਰੰਗ ਕਿਹੜੇ ਹਨ? ਨਾਂ ਲਿਖੋ।**

ਉੱਤਰ- ਨੀਲਾ, ਹਰਾ, ਸਫ਼ੈਦ

ਪ੍ਰਸ਼ਨ-12 **ਨੀਲਾ + ਪੀਲਾ=?**

ਉੱਤਰ- ਹਰਾ

ਪ੍ਰਸ਼ਨ-13 **ਪੀਲਾ + ਲਾਲ = ?**

ਉੱਤਰ- ਸੰਤਰੀ

ਪ੍ਰਸ਼ਨ-14 **ਲਾਲ + ਨੀਲਾ =?**

ਉੱਤਰ- ਜਾਮਣੀ।

ਪ੍ਰਸ਼ਨ-15 **ਨੀਲਾ + ਹਰਾ = ?**

ਉੱਤਰ- ਫਿਰੋਜ਼ੀ

ਪ੍ਰਸ਼ਨ-16 **ਹਰਾ + ਪੀਲਾ = ?**

ਉੱਤਰ- ਤੋਤੀਆ ਰੰਗਾ ਹਰਾ

ਪ੍ਰਸ਼ਨ-17 **ਲਾਲ + ਚਿੱਟਾ = ?**

ਉੱਤਰ- ਗੁਲਾਬੀ।

ਪ੍ਰਸ਼ਨ-18 **ਸਿੱਧੀਆਂ ਰੇਖਾਵਾਂ ਕਿਸ ਦੀਆਂ ਪ੍ਰਤੀਕ ਹਨ?**

ਉੱਤਰ- ਉਚਾਈ, ਸਾਦਗੀ ਅਤੇ ਦ੍ਰਿੜਤਾ

ਪ੍ਰਸ਼ਨ-19 **ਲੇਟਵੀਆਂ ਰੇਖਾਵਾਂ ਕਿਸ ਦੀਆਂ ਪ੍ਰਤੀਕ ਹਨ?**

ਉੱਤਰ- ਸ਼ਾਂਤੀ ਅਤੇ ਚੌੜਾਈ

ਪ੍ਰਸ਼ਨ-20 **ਤਿਰਛੀਆਂ ਰੇਖਾਵਾਂ ਕਿਸ ਦੀਆਂ ਪ੍ਰਤੀਕ ਹਨ?**

ਉੱਤਰ- ਗਤੀ ਦਾ ਪ੍ਰਤੀਕ ਹਨ।

**ਪ੍ਰਸ਼ਨ-21 ਘੱਟ ਗੁਲਾਈ ਵਾਲੀਆਂ ਰੇਖਾਵਾਂ ਕਿਸ ਦੀਆਂ ਪ੍ਰਤੀਕ ਹਨ।**

ਉੱਤਰ- ਘੱਟ ਗੁਲਾਈ ਵਾਲੀਆਂ ਰੇਖਾਵਾਂ ਸੁੰਦਰਤਾ ਵਧਾਉਂਦੀਆਂ ਹਨ।

**ਖਾਲੀ ਸਥਾਨ ਭਰੋ**

22. ਪੀਲਾ, ਨੀਲਾ ਅਤੇ ਲਾਲ **ਪ੍ਰਾਇਮਰੀ ਜਾਂ ਪਹਿਲੇ ਦਰਜੇ ਦੇ** ਰੰਗ ਹਨ?

23. ਦੂਜੇ ਦਰਜੇ ਦੇ **ਤਿੰਨ** ਰੰਗ ਹੁੰਦੇ ਹਨ।

24. ਲੇਟਵੀਆਂ ਰੇਖਾਵਾਂ **ਸਾਂਤੀ** ਵਧਾਉਣ ਦਾ ਅਹਿਸਾਸ ਕਰਵਾਉਂਦੀਆਂ ਹਨ।

25. ਘੱਟ ਗੁਲਾਈ ਵਾਲੀਆਂ ਰੇਖਾਵਾਂ **ਸੁੰਦਰਤਾ** ਵਧਾਉਂਦੀਆਂ ਹਨ।

26. ਨੀਲੇ ਅਤੇ ਹਰੇ ਰੰਗ ਨੂੰ ਮਿਲਾਕੇ **ਫਿਰੋਜ਼ੀ** ਰੰਗ ਬਣਦਾ ਹੈ।

27. ਲਾਲ ਅਤੇ ਨੀਲੇ ਰੰਗ ਨੂੰ ਮਿਲਾਕੇ **ਜਾਮਣੀ** ਰੰਗ ਬਣਦਾ ਹੈ।

**ਸਹੀ/ਗਲਤ ਦਸੋ**

28. ਰੇਖਾਵਾਂ ਸਾਡੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ? (✓)

29. ਇੱਕ ਵਧੀਆ ਨਮੂਨਾ ਬਣਾਉਣ ਲਈ ਉਸ ਦੇ ਮੂਲ ਅੰਸ਼ਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। (✓)

30. ਡਿਜ਼ਾਇਨ ਦੇ ਮੂਲ ਸਿਧਾਂਤ ਅੱਠ ਹਨ। (✕)

31. ਸੰਤੁਲਨ ਦੋ ਤਰ੍ਹਾਂ ਦਾ ਹੁੰਦਾ ਹੈ। (✓)

32. ਡਿਜ਼ਾਇਨ ਦੇ ਮੂਲ ਅੰਸ਼ ਛੇ ਹਨ। (✕)

33. ਇੱਕ ਤਰ੍ਹਾਂ ਦੀਆਂ ਰੇਖਾਵਾਂ, ਬਣਤਰ, ਆਕਾਰ ਜਾਂ ਰੰਗ ਦੀ ਵਰਤੋਂ ਨਾਲ ਇੱਕਸੁਰਤਾ ਦਾ ਅਹਿਸਾਸ ਨਹੀਂ ਹੁੰਦਾ ਹੈ। (✕)

34. ਵਿਰੋਧੀ ਰੰਗ ਵਿੱਚ ਇੱਕ ਗਰਮ ਅਤੇ ਇੱਕ ਠੰਡਾ ਰੰਗ ਪ੍ਰਯੋਗ ਹੁੰਦਾ ਹੈ। (✓)

**ਬਹੁ ਚੋਣਵੇਂ ਪ੍ਰਸ਼ਨ**

ਪ੍ਰਸ਼ਨ-35 **ਮੁੱਖ ਤੌਰ ਤੇ ਰੇਖਾਵਾਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?**

ਉੱਤਰ- 1. ਤਿੰਨ 2. ਇੱਕ 3. **ਚਾਰ (✓)** 4. ਦੋ

ਪ੍ਰਸ਼ਨ-36 **ਸਿੱਧੀਆਂ ਰੇਖਾਵਾਂ ਕਿਹੜੀ ਦਿਸ਼ਾ ਵਿੱਚ ਹੁੰਦੀਆਂ ਹਨ?**

ਉੱਤਰ- 1. ਸੱਜੇ ਤੋਂ ਖੱਬੇ 2. ਖੱਬੇ ਤੋਂ ਸੱਜੇ 3. **ਉਪਰ ਤੋਂ ਨੀਚੇ (✓)**
4. ਗੁਲਾਈ ਵਿੱਚ।

ਪ੍ਰਸ਼ਨ-37 **ਪਹਿਲੇ ਦਰਜੇ ਦੇ ਰੰਗਾਂ ਦੀ ਗਿਣਤੀ ਕਿੰਨੀ ਹੁੰਦੀ ਹੈ?**

ਉੱਤਰ- **1. ਤਿੰਨ (✓)** 2. ਚਾਰ. 3. ਪੰਜ 4. ਦੋ

ਪ੍ਰਸ਼ਨ-38 **ਨੀਲੇ ਅਤੇ ਪੀਲੇ ਰੰਗ ਨੂੰ ਮਿਲਾ ਕੇ ਕਿਹੜਾ ਰੰਗ ਬਣਦਾ ਹੈ?**

ਉੱਤਰ- **1. ਹਰਾ (✓)** 2. ਜਾਮਣੀ 3. ਸੰਤਰੀ 4. ਫਿਰੋਜ਼ੀ

ਪ੍ਰਸ਼ਨ-39 **ਨੀਲੇ ਅਤੇ ਹਰੇ ਰੰਗ ਨੂੰ ਮਿਲਾ ਕੇ ਕਿਹੜਾ ਰੰਗ ਬਣਦਾ ਹੈ?**

ਉੱਤਰ- 1. ਤੋਤੇ ਰੰਗਾਂ ਹਰਾ 2. ਜਾਮਣੀ **3. ਫਿਰੋਜ਼ੀ (✓)** 4. ਸੰਤਰੀ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ-40 **ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ-ਕਿਹੜੇ ਹਨ? ਨਾਮ ਦੱਸੋ।**

ਉੱਤਰ- ਡਿਜ਼ਾਇਨ ਦੇ ਮੂਲ ਅੰਸ਼ ਰੇਖਾਵਾਂ, ਆਕਾਰ, ਰੰਗ ਅਤੇ ਬਣਤਰ ਹਨ। ਇਹ ਕਿਸੇ ਪੁਸ਼ਾਕ ਜਾਂ ਥਾਂ ਦੀ ਸੁੰਦਰਤਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪ੍ਰਸ਼ਨ-41 **ਪਹਿਲੇ ਦਰਜੇ ਦੇ ਰੰਗ ਕਿਹੜੇ ਹਨ?**

ਉੱਤਰ- ਪੀਲਾ, ਨੀਲਾ ਅਤੇ ਲਾਲ। ਇਹ ਤਿੰਨੋ ਰੰਗ ਹੋਰ ਰੰਗਾਂ ਨੂੰ ਮਿਲਾਕੇ ਨਹੀਂ ਬਣਦੇ। ਇਸ ਲਈ ਇਨ੍ਹਾਂ ਨੂੰ ਪਹਿਲੇ ਦਰਜੇ ਦੇ ਰੰਗ ਕਿਹਾ ਜਾਂਦਾ ਹੈ।

ਪ੍ਰਸ਼ਨ-3 **ਵਿਰੋਧੀ ਰੰਗ ਯੋਜਨਾ ਕੀ ਹੈ?**

ਉੱਤਰ- ਇਨ੍ਹਾਂ ਵਿੱਚ ਇੱਕ ਗਰਮ ਅਤੇ ਇੱਕ ਠੰਢਾ ਰੰਗ ਪ੍ਰਯੋਗ ਹੁੰਦਾ ਹੈ ਜਿਵੇਂ ਕਿ ਲਾਲ ਅਤੇ ਹਰਾ, ਪੀਲਾ ਅਤੇ ਜਾਮਣੀ, ਨੀਲਾ ਅਤੇ ਸੰਤਰੀ ਆਦਿ। ਅਜਿਹੀ ਰੰਗ ਯੋਜਨਾ ਦੀ ਵਰਤੋਂ ਕਰਨ ਤੇ ਇਹ ਥੋੜਾ ਭੜਕੀਲਾ ਅਸਰ ਦਿੰਦੇ ਹਨ।

ਪ੍ਰਸ਼ਨ-42 **ਸੰਬਧਿਤ ਰੰਗ ਯੋਜਨਾ ਤੋਂ ਕੀ ਭਾਵ ਹੈ?**

ਉੱਤਰ- ਇਹ ਰੰਗਾਂ ਦੇ ਚੱਕਰ ਦੇ ਨਾਲ ਲੱਗਦੇ ਤਿੰਨ ਰੰਗਾਂ ਦੀ ਯੋਜਨਾ ਹੁੰਦੀ ਹੈ ਕੋਈ ਵੀ ਤਿੰਨ ਨਾਲ ਲਗਦੇ ਰੰਗ ਵਰਤ ਕੇ ਪੁਸ਼ਾਕ ਬਣਾਈ ਜਾਂਦੀ ਹੈ। ਇਹ ਵੀ ਘੱਟ ਭੜਕੀਲੇ ਹੁੰਦੇ ਹਨ, ਪਰੰਤੂ ਰੰਗਾਂ ਦੀਆਂ ਕਿਸਮਾਂ ਤੇ ਜ਼ਿਆਦਾ ਨਿਰਭਰ ਕਰਦਾ ਹੈ ਕਿ ਉਹ ਗਰਮ ਵਿਰਤੀ ਵਾਲੇ ਹਨ ਜਾਂ ਠੰਢੇ।

ਪ੍ਰਸ਼ਨ-43 **ਦੂਜੇ ਦਰਜੇ ਦੇ ਰੰਗਾਂ ਤੋਂ ਕੀ ਭਾਵ ਹੈ ਅਤੇ ਇਹ ਕਿਹੜੇ-ਕਿਹੜੇ ਹੁੰਦੇ ਹਨ?**

ਉੱਤਰ- ਹਰਾ, ਸੰਤਰੀ ਅਤੇ ਜਾਮਣੀ ਦੂਜੇ ਦਰਜੇ ਤੇ ਰੰਗ ਹਨ ਕਿਉਂਕਿ ਇਹ ਦੋ ਪ੍ਰਾਇਮਰੀ ਰੰਗਾਂ ਨੂੰ ਆਪਸ ਵਿੱਚ ਮਿਲਾਕੇ ਬਣਦੇ ਹਨ ਜਿਵੇਂ-

ਨੀਲਾ + ਪੀਲਾ = ਹਰਾ

ਪੀਲਾ + ਲਾਲ = ਸੰਤਰੀ

ਲਾਲ + ਨੀਲਾ = ਜਾਮਣੀ

ਪ੍ਰਸ਼ਨ-44 **ਡਿਜ਼ਾਇਨ ਵਿੱਚ ਲੈਅ ਅਤੇ ਬਲ ਤੋਂ ਭਾਵ ਹੈ?**

ਉੱਤਰ- ਲੈਅ- ਨਜ਼ਰ ਦਾ ਨਮੂਨੇ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਤੱਕ ਜਾਣ ਨੂੰ ਲੈਅ ਕਿਹਾ ਜਾਂਦਾ ਹੈ।

ਬਲ- ਨਮੂਨੇ ਵਿੱਚ ਇੱਕ ਥਾਂ ਅਜਿਹੀ ਹੋਣੀ ਚਾਹੀਦੀ ਹੈ ਜਿਸ ਤੇ ਨਜ਼ਰ ਸਭ ਤੋਂ ਪਹਿਲਾਂ ਜਾਵੇ। ਇਹ ਪੁਸ਼ਾਕ ਦੇ ਅਜਿਹੇ ਹਿੱਸੇ ਤੇ ਹੋਵੇ, ਜਿੱਥੇ ਇਹ ਨਜ਼ਰ ਨੂੰ ਖਿੱਚੇ।

ਪ੍ਰਸ਼ਨ-45 **ਡਿਜ਼ਾਇਨ ਦੇ ਸਿਧਾਂਤ ਵਿੱਚ ਇੱਕਸੁਰਤਾ ਤੋਂ ਕੀ ਭਾਵ ਹੈ?**

ਉੱਤਰ- ਇੱਕ ਤਰ੍ਹਾਂ ਦੀਆਂ ਰੇਖਾਵਾਂ, ਬਣਤਰ, ਆਕਾਰ ਜਾਂ ਰੰਗ ਦੀ ਵਰਤੋਂ ਨਾਲ ਇੱਕਸੁਰਤਾ ਦਾ ਅਹਿਸਾਸ ਹੁੰਦਾ ਹੈ। ਡਿਜ਼ਾਇਨ ਦੇ ਸਾਰੇ ਅੰਸ਼ ਮਿਲਕੇ ਇੱਕ ਸਮੁੱਚਾ ਨਮੂਨਾ ਬਣਾਉਂਦੇ ਹਨ ਜੋ ਦੇਖਣ ਨੂੰ ਚੰਗਾ ਲਗਦਾ ਹੈ ਅਤੇ ਏਕਤਾ ਦੀ ਭਾਵਨਾ ਦਰਸਾਉਂਦਾ ਹੈ।

ਪ੍ਰਸ਼ਨ-46 **ਇੱਕ ਰੰਗੀ ਯੋਜਨਾ ਤੇ ਤੀਜੇ ਦਰਜੇ ਦੇ ਰੰਗਾਂ ਤੋਂ ਕੀ ਭਾਵ ਹੈ?**

ਉੱਤਰ- ਇੱਕ ਰੰਗੀ ਯੋਜਨਾ ਇੱਕ ਹੀ ਰੰਗ ਦੇ ਗੂੜ੍ਹੇ ਅਤੇ ਹਲਕੇ ਭਾਵ ਵਾਲੇ ਰੰਗਾਂ ਦਾ ਪ੍ਰਯੋਗ ਹੁੰਦਾ ਹੈ ਅਤੇ ਅੱਖਾਂ ਲਈ ਸੁਖਦਾਇਕ ਹੁੰਦਾ ਹੈ।

ਤੀਜੇ ਦਰਜੇ ਦੇ ਰੰਗ- ਇਹ ਪ੍ਰਾਇਮਰੀ ਅਤੇ ਸੈਕੰਡਰੀ ਰੰਗਾਂ ਨੂੰ ਮਿਲਾਕੇ ਬਣਦੇ ਹਨ। ਜਿਵੇਂ:-

ਨੀਲਾ + ਹਰਾ = ਫਿਰੋਜ਼ੀ

ਹਰਾ + ਪੀਲਾ =ਤੋਤੇ ਰੰਗਾਂ ਹਰਾ

ਪ੍ਰਸ਼ਨ-47 **ਡਿਜ਼ਾਇਨ ਵਿੱਚ ਸੰਤੁਲਨ ਅਤੇ ਅਨੁਪਾਤ ਤੋਂ ਕੀ ਭਾਵ ਹੈ?**

ਉੱਤਰ- ਸੰਤੁਲਨ:- ਕਿਸੇ ਵੀ ਡਿਜ਼ਾਇਨ ਵਿੱਚ ਸੰਤੁਲਨ ਦਾ ਹੋਣਾ ਬਹੁਤ ਜ਼ਰੂਰੀ ਹੈ। ਸੰਤੁਲਨ ਨਾਲ ਸ਼ਾਂਤੀ ਅਤੇ ਆਰਾਮ ਦੀ ਭਾਵਨਾ ਪੈਦਾ ਹੁੰਦੀ ਹੈ।

ਅਨੁਪਾਤ:- ਅਨੁਪਾਤ ਦਾ ਮਤਲਬ ਹੈ ਕਿ ਪੁਸ਼ਾਕ ਦੇ ਨਮੂਨੇ ਦੇ ਵੱਖ-ਵੱਖ ਹਿੱਸਿਆਂ ਦਾ ਆਕਾਰ ਅਤੇ ਸ਼ੇਪ, ਪੁਸ਼ਾਕ ਦੇ ਪੂਰੇ ਆਕਾਰ ਦੇ ਅਨੁਸਾਰ ਹੀ ਹੋਣਾ ਚਾਹੀਦਾ ਹੈ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-48 **ਕੱਪੜਿਆਂ ਲਈ ਰੰਗਾਂ ਦੀ ਵਿਉਂਤਬੰਦੀ ਕਿਵੇਂ ਕੀਤੀ ਜਾਂਦੀ ਹੈ?**

ਉੱਤਰ- ਜਦੋਂ ਕੋਈ ਵੀ ਪੁਸ਼ਾਕ ਬਣਾਉਣੀ ਹੋਵੇ ਤਾਂ ਇੱਕ ਜਾਂ ਇੱਕ ਤੋਂ ਵੱਧ ਰੰਗਾਂ ਦਾ ਸੁਮੇਲ ਵੀ ਹੋ ਸਕਦਾ ਹੈ। ਇਨ੍ਹਾਂ ਦੀ ਵਿਉਂਤਬੰਦੀ ਇਸ ਤਰ੍ਹਾਂ ਹੋ ਸਕਦੀ ਹੈ:-

1. **ਇੱਕ ਰੰਗੀ ਯੋਜਨਾ**- ਇਸ ਵਿੱਚ ਇੱਕ ਹੀ ਰੰਗ ਦੇ ਗੂੜ੍ਹੇ ਅਤੇ ਹਲਕੇ ਰੰਗਾਂ ਦੀ ਵਰਤੋਂ ਹੁੰਦੀ ਹੈ ਅਤੇ ਅੱਖਾਂ ਲਈ ਸੁਖਦਾਇਕ ਹੁੰਦਾ ਹੈ।

2. **ਵਿਰੋਧੀ ਰੰਗ ਯੋਜਨਾ**- ਇਨ੍ਹਾਂ ਵਿੱਚ ਇੱਕ ਗਰਮ ਤੇ ਇੱਕ ਠੰਢਾ ਰੰਗ ਵਰਤਿਆ ਜਾਂਦਾ ਹੈ ਜਿਵੇਂ ਲਾਲ ਅਤੇ ਹਰਾ ਜਾਂ ਪੀਲਾ ਤੇ ਜਾਮਣੀ।

3. **ਸੰਬੰਧਿਤ ਰੰਗ ਯੋਜਨਾ**- ਇਹ ਰੰਗਾਂ ਦੇ ਚੱਕਰ ਦੇ ਨਾਲ ਲੱਗਦੇ ਤਿੰਨ ਰੰਗਾਂ ਦੀ ਯੋਜਨਾ ਹੁੰਦੀ ਹੈ ਕੋਈ ਵੀ ਤਿੰਨ ਨਾਲ ਲਗਦੇ ਰੰਗ ਵਰਤ ਕੇ ਪੁਸ਼ਾਕ ਬਣਾਈ ਜਾਂਦੀ ਹੈ।

ਪ੍ਰਸ਼ਨ-49 **ਡਿਜ਼ਾਇਨ ਵਿੱਚ ਰੇਖਾਵਾਂ ਦੀ ਕੀ ਮਹੱਤਤਾ ਹੈ ਅਤੇ ਇਹ ਡਿਜ਼ਾਇਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?**

ਉੱਤਰ- ਰੇਖਾਵਾਂ ਦੀ ਮਹੱਤਤਾ ਇਸ ਲਈ ਹੁੰਦੀ ਹੈ ਕਿਉਂਕਿ ਇਹ ਡਿਜ਼ਾਇਨ ਦਾ ਆਧਾਰ ਹੁੰਦੀਆਂ ਹਨ। ਕੁਝ ਰੇਖਾਵਾਂ ਜ਼ਿਆਦਾ ਉਭਰੀਆਂ ਹੋਈਆਂ ਹੁੰਦੀਆਂ ਹਨ ਅਤੇ ਨਮੂਨੇ ਨੂੰ ਮਹੱਤਵਪੂਰਨ ਬਣਾਉਂਦੀਆਂ ਹਨ। ਇਹ ਕਈ ਕਿਸਮਾਂ ਦੀਆਂ ਹੁੰਦੀਆਂ ਹਨ ਜਿਵੇਂ ਸਿੱਧੀਆਂ ਰੇਖਾਵਾਂ, ਤਿਰਛੀਆਂ ਰੇਖਾਵਾਂ, ਲੇਟਵੀਆਂ ਰੇਖਾਵਾਂ, ਗੋਲ ਰੇਖਾਵਾਂ ਆਦਿ।

ਸਿਧੀਆਂ ਰੇਖਾਵਾਂ ਉੱਚਾਈ, ਸਾਦਗੀ ਅਤੇ ਦ੍ਰਿੜਤਾ ਦਾ ਅਹਿਸਾਸ ਦੁਆਉਂਦੀਆਂ ਹਨ। ਲੇਟਵੀਆਂ ਰੇਖਾਵਾਂ ਸ਼ਾਂਤੀ ਅਤੇ ਗਤੀ ਦਾ ਪ੍ਰਤੀਕ ਹਨ ਅਤੇ ਇਨ੍ਹਾਂ ਦਾ ਅਸਰ ਇਨ੍ਹਾਂ ਦੇ ਝੁਕਾਅ ਅਨੁਸਾਰ ਹੁੰਦਾ ਹੈ। ਘੱਟ ਗੋਲਾਈ ਵਾਲੀਆਂ ਰੇਖਾਵਾਂ ਸੁੰਦਰਤਾ ਵਧਾਉਂਦੀਆਂ ਹਨ।

ਪ੍ਰਸ਼ਨ-50 **ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ ਹਨ? ਆਕਾਰ ਅਤੇ ਬਨਾਵਟ ਕਿਵੇਂ ਡਿਜ਼ਾਇਨ ਨੂੰ ਪ੍ਰਭਾਵਿਤ ਕਰਦੇ ਹਨ?**

ਉੱਤਰ- ਡਿਜ਼ਾਇਨ ਦੇ ਮੂਲ ਅੰਸ਼ ਹਨ-ਰੇਖਾਵਾਂ, ਆਕਾਰ, ਬਣਤਰ ਅਤੇ ਰੰਗ।

<u>ਆਕਾਰ-</u> ਰੇਖਾਵਾਂ ਨੂੰ ਮਿਲਾਕੇ ਹੀ ਨਮੂਨੇ ਦਾ ਆਕਾਰ ਬਣਦਾ ਹੈ। ਰੇਖਾਵਾਂ ਇੱਕ ਇਕਾਈ ਹਨ, ਇਕਾਈਆਂ ਨੂੰ ਜੋੜ ਕੇ ਉਸ ਨਮੂਨੇ ਦਾ ਆਕਾਰ ਅਤੇ ਰੂਪ ਦਿੱਤਾ ਜਾਂਦਾ ਹੈ। ਹਰੇਕ ਪੁਸ਼ਾਕ ਦਾ ਕੋਈ ਨਾ ਕੋਈ ਆਕਾਰ ਜਾਂ ਰੂਪ ਹੁੰਦਾ ਹੈ, ਜਿਵੇਂ ਕਿ ਲੰਬੇ ਦਿਖ ਵਾਲੀ ਕਮੀਜ਼ ਵਧੇਰੇ ਘੇਰੇ ਵਾਲੀ ਕਮੀਜ਼, ਬੈਲ ਸ਼ੇਪ ਦੀ ਸਕੱਰਟ ਜਾਂ ਪੈਂਟ ਆਦਿ।

<u>ਬਨਾਵਟ-</u> ਕੱਪੜੇ ਦੀ ਬਨਾਵਟ ਦਾ ਉਸ ਦੀ ਸਤ੍ਹਾ ਨੂੰ ਛੋਹ ਕੇ ਪਤਾ ਲਗ ਜਾਂਦਾ ਹੈ। ਪਤਲੇ ਮਹੀਨ ਤੇ ਮੁਲਾਇਮ ਸਤ੍ਹਾ ਵਾਲੇ ਕੱਪੜੇ ਪਤਲੇਪਨ ਦਾ ਅਹਿਸਾਸ ਦੁਆਉਂਦੇ ਹਨ ਜਿਵੇਂ ਕਿ ਲੇਸ, ਮਲਮਲ, ਵਾਇਲ,

ਰੂਬੀਆ, ਨਾਈਲੋਨ ਆਦਿ। ਪਰੰਤੂ ਖੁਰਦਰੇ ਸਖਤ, ਅਕੜਾਅ ਵਾਲੇ ਅਤੇ ਮੋਟੇ ਕੱਪੜੇ ਮੋਟੇਪਨ ਦਾ ਅਹਿਸਾਸ ਪੈਦਾ ਕਰਦੇ ਹਨ। ਜਿਵੇਂ ਕਿ ਖੱਦਰ, ਕੇਸਮੈਂਟ, ਸ਼ਨੀਲ, ਜੀਨ ਅਤੇ ਤੌਲੀਏ (ਬੁਰਦਾਰ) ਵਾਲਾ ਕੱਪੜਾ ਆਦਿ।

ਪ੍ਰਸ਼ਨ-51 **ਡਿਜ਼ਾਇਨ ਵਿੱਚ ਸੰਤੁਲਨ ਕਿੰਨੇ ਪ੍ਰਕਾਰ ਦਾ ਹੋ ਸਕਦਾ ਹੈ ਅਤੇ ਕਿਹੜਾ- ਕਿਹੜਾ?**

ਉੱਤਰ- ਡਿਜ਼ਾਇਨ ਵਿੱਚ ਸੰਤੁਲਨ ਦੋ ਤਰ੍ਹਾਂ ਦਾ ਹੁੰਦਾ ਹੈ:-

1. ਰਸਮੀ ਜਾਂ ਔਪਚਾਰਿਕ ਸੰਤੁਲਨ
2. ਗੈਰ ਰਸਮੀ ਜਾਂ ਅਨੌਪਚਾਰਿਕ ਸੰਤੁਲਨ

**ਰਸਮੀ**- ਜੇਕਰ ਨਮੂਨੇ ਦੇ ਕੇਂਦਰ ਬਿੰਦੂ ਦੇ ਸਾਰੇ ਪਾਸੇ ਚੀਜ਼ਾਂ ਦੇ ਆਕਾਰ ਅਤੇ ਰੰਗ ਇੱਕੋ ਜਿਹੇ ਹੋਣ ਤਾਂ ਸਾਰੇ ਪਾਸੇ ਧਿਆਨ ਜਾਂਦਾ ਹੈ। ਅਜਿਹੇ ਸੰਤੁਲਨ ਨੂੰ ਰਸਮੀ ਜਾਂ ਔਪਚਾਰਿਕ ਸੰਤੁਲਨ ਕਹਿੰਦੇ ਹਨ।

**ਗੈਰ ਰਸਮੀ ਜਾਂ ਅਨੌਪਚਾਰਿਕ**-ਜਦੋਂ ਵਸਤਾਂ ਇਸ ਪ੍ਰਕਾਰ ਰੱਖੀਆਂ ਜਾਣ ਕਿ ਵੱਡੀ ਵਸਤੂ ਕੇਂਦਰ ਬਿੰਦੂ ਦੇ ਕੋਲ ਹੋਵੇ ਅਤੇ ਛੋਟੀ ਵਸਤੂ ਨੂੰ ਕੇਂਦਰ ਬਿੰਦੂ ਤੋਂ ਥੋੜਾ ਦੂਰ ਰੱਖਿਆ ਜਾਵੇ ਤਾਂ ਇਸ ਨੂੰ ਗੈਰ ਰਸਮੀ ਜਾਂ ਅਨੌਪਚਾਰਿਕ ਸੰਤੁਲਨ ਕਿਹਾ ਜਾਂਦਾ ਹੈ।

ਪ੍ਰਸ਼ਨ-52 **ਡਿਜ਼ਾਇਨ ਵਿੱਚ ਅਨੁਪਾਤ ਹੋਣਾ ਕਿਉਂ ਜ਼ਰੂਰੀ ਹੈ?**

ਉੱਤਰ- ਡਿਜ਼ਾਇਨ ਵਿੱਚ ਅਨੁਪਾਤ ਦਾ ਮਤਲਬ ਹੈ ਕਿ ਪੁਸ਼ਾਕ ਦੇ ਨਮੂਨੇ ਦੇ ਵੱਖ-ਵੱਖ ਹਿੱਸਿਆਂ ਦਾ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਛੋਟੀ ਪੁਸ਼ਾਕ ਵਿੱਚ ਨਮੂਨੇ ਦੇ ਦੂਸਰੇ ਹਿੱਸੇ ਵੀ ਉਸ ਦੇ ਆਕਾਰ ਮੁਤਾਬਕ ਛੋਟੇ ਹੀ ਹੋਣੇ ਚਾਹੀਦੇ ਹਨ ਜਿਵੇਂ ਕਿ ਛੋਟੀ ਪੁਸ਼ਾਕ ਵਿੱਚ ਕਢਾਈ ਜਾਂ ਪੈਚ ਦਾ ਨਮੂਨਾ ਜਾਂ ਕਾਲਰ ਜਾਂ ਜੇਬ ਦਾ ਆਕਾਰ ਛੋਟਾ ਹੀ ਹੋਣਾ ਚਾਹੀਦਾ ਹੈ।

ਪ੍ਰਸ਼ਨ-53 **ਡਿਜ਼ਾਇਨ ਵਿੱਚ ਰੰਗਾਂ ਦੀ ਕੀ ਮਹੱਤਤਾ ਹੈ?**

ਉੱਤਰ- ਰੰਗਾਂ ਦਾ ਪੁਸ਼ਾਕ ਦੇ ਨਮੂਨੇ ਵਿੱਚ ਬਹੁਤ ਮਹੱਤਵਪੂਰਨ ਰੋਲ ਹੈ। ਇਹ ਕਿਸੇ ਪੁਸ਼ਾਕ ਦੀ ਸੁੰਦਰਤਾ ਵਧਾ ਵੀ ਸਕਦੇ ਹਨ ਅਤੇ ਸੁੰਦਰਤਾ ਘਟਾ ਵੀ ਸਕਦੇ ਹਨ। ਅੱਖਾਂ ਲਈ ਸੁਖਦਾਇਕ ਵੀ ਹੋ ਸਕਦੇ ਹਨ ਅਤੇ ਚੁਭਵੇ ਵੀ, ਠੰਢਕ ਵੀ ਪਹੁੰਚਾ ਸਕਦੇ ਹਨ ਅਤੇ ਗਰਮੀ ਵੀ। ਇਸ ਲਈ ਕਿਸੇ ਵੀ ਨਮੂਨੇ ਨੂੰ ਬਣਾਉਣ ਲਈ ਅਤੇ ਉਸ ਦੀ ਸੁੰਦਰਤਾ ਵਧਾਉਣ ਲਈ ਰੰਗ ਬਹੁਤ ਹੀ ਉਤੱਮ ਸਥਾਨ ਰੱਖਦੇ ਹਨ। ਰੰਗਾਂ ਨੂੰ ਮੁੱਖ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਪ੍ਰਾਇਮਰੀ ਰੰਗ ਜਾਂ ਪਹਿਲੇ ਦਰਜੇ ਦੇ ਰੰਗ

2. ਦੂਜੇ ਦਰਜੇ ਦੇ ਰੰਗ ਜਾਂ ਸੈਕੰਡਰੀ ਦਰਜੇ ਦੇ ਰੰਗ

3. ਤੀਜੇ ਦਰਜੇ ਦੇ ਰੰਗ

## ਪਾਠ-6 (ਸਿਲਾਈ ਮਸ਼ੀਨ)

## ਵਸਤੂਨਿਸ਼ਠ ਪ੍ਰਸ਼ਨ

### ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਮਸ਼ੀਨ ਵਿੱਚ ਸੂਈ ਕਿੱਥੇ ਅਤੇ ਕਿਵੇਂ ਲਗਾਈ ਜਾਂਦੀ ਹੈ।**

ਉੱਤਰ:- ਫਲਾਈ ਵ੍ਹੀਲ ਥੋੜ੍ਹਾ ਜਿਹਾ ਆਪਣੇ ਵੱਲ ਘੁਮਾ ਕੇ ਨੀਡਲ ਬਾਰ ਨੂੰ ਉੱਚਾ ਕਰੋ ਫਿਰ ਕਲੈਂਪ ਸਕਰੂ ਨੂੰ ਢਿੱਲਾ ਕਰਕੇ, ਥੋੜ੍ਹਾ ਥੱਲ੍ਹੇ ਕਰਕੇ ਸੂਈ ਦੀ ਚਪਟੀ ਤਰਫ ਨੂੰ ਅੰਦਰ ਕਰਕੇ ਨੀਡਲ ਬਾਰ ਦੇ ਸੁਰਾਖ ਵਿੱਚ ਠੀਕ ਤਰ੍ਹਾਂ ਪਾ ਕੇ ਅਤੇ ਕਲੈਂਪ ਸਕਰੂ ਨੂੰ ਕੱਸ ਕੇ ਸੂਈ ਲਗਾਈ ਜਾਂਦੀ ਹੈ।

**ਪ੍ਰਸ਼ਨ:-2 ਮਸ਼ੀਨ ਦਾ ਬਖੀਆ ਕਿੰਨੇ ਧਾਗਿਆਂ ਤੋਂ ਬਣਦਾ ਹੈ?**

ਉੱਤਰ:- ਬਖੀਆ ਦੋ ਧਾਗਿਆਂ ਤੋਂ ਬਣਦਾ ਹੈ। ਠੀਕ ਬਖੀਏ ਲਈ ਮਸ਼ੀਨ ਦਾ ਉਪਰਲਾ ਧਾਗਾ ਅਤੇ ਹੇਠਲੇ ਧਾਗੇ ਦਾ ਦਬਾਅ ਬਰਾਬਰ ਹੋਣਾ ਚਾਹੀਦਾ ਹੈ।

**ਪ੍ਰਸ਼ਨ:-3 ਮਸ਼ੀਨ ਦਾ ਉਪਰਲਾ ਧਾਗਾ ਪਾਉਣ ਸਮੇਂ ਮਸ਼ੀਨ ਦੇ ਕਿਹੜੇ-ਕਿਹੜੇ ਹਿੱਸਿਆਂ ਵਿੱਚੋਂ ਇਹ ਧਾਗਾ ਲੰਘਾਇਆ ਜਾਂਦਾ ਹੈ?**

ਉੱਤਰ:- ਸਪੂਲ ਪਿੰਨ ਤੇ ਰੀਲ ਰੱਖਕੇ ਧਾਗੇ ਨੂੰ ਥਰੈਡ ਟੈਨਸ਼ਨ ਰੈਗੂਲੇਟਰ ਤੇ ਘੁਮਾ ਕੇ ਹੁੱਕ ਵਿੱਚੋਂ ਕੱਢਕੇ ਫਿਰ ਟੇਕਅਪ ਲੀਵਰ ਵਿੱਚੋਂ ਕੱਢਕੇ, ਥਰੈਡ ਗਾਈਡ ਵਿੱਚੋਂ ਲੰਘਾ ਕੇ ਹੇਠਾਂ ਖੱਬੇ ਹੱਥ ਨਾਲ ਸੂਈ ਵਿੱਚ ਅੰਦਰ ਨੂੰ ਧਾਗਾ ਪਾਇਆ ਜਾਂਦਾ ਹੈ।

**ਪ੍ਰਸ਼ਨ:-4 ਮਸ਼ੀਨ ਦੇ ਟਾਂਕੇ ਦੀ ਲੰਬਾਈ ਕਿੱਥੋਂ ਵਧਾਈ ਘਟਾਈ ਜਾ ਸਕਦੀ ਹੈ?**

ਉੱਤਰ:- ਸਟਿੱਚ ਰੈਗੂਲੇਟਰ ਸਕਰੂ ਨੂੰ ਉੱਪਰ ਹੇਠਾਂ ਕਰਕੇ ਟਾਂਕੇ ਦੀ ਲੰਬਾਈ ਵਧਾਈ ਘਟਾਈ ਜਾ ਸਕਦੀ ਹੈ।

**ਪ੍ਰਸ਼ਨ:-5 ਕੀ ਕੱਪੜੇ ਦੇ ਦਬਾਅ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ? ਜੇ ਹਾਂ ਤਾਂ ਕਿਵੇਂ?**

ਉੱਤਰ:- ਹਾਂ ਜੀ ਪ੍ਰੈਸ਼ਰ ਬਾਰ ਸਕਰੂ ਨੂੰ ਕੱਸ ਕੇ ਜਾਂ ਢਿੱਲਾ ਕਰਕੇ ਕੱਪੜੇ ਦੇ ਦਬਾਅ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ।

**ਪ੍ਰਸ਼ਨ:-6 ਮਸ਼ੀਨ ਵਿੱਚ ਆਮ ਕਿਹੜੇ-ਕਿਹੜੇ ਨੁਕਸ ਪੈ ਜਾਂਦੇ ਹਨ?**

ਉੱਤਰ:- ਸੂਈ ਦਾ ਟੁੱਟਣਾ, ਧਾਗਾ ਟੁੱਟਣਾ, ਟਾਂਕੇ ਛੱਡਦੇ ਜਾਣਾ, ਗੁੱਛੇ ਆਉਣਾ

**ਪ੍ਰਸ਼ਨ:-7 ਸਿਲਾਈ ਲਈ ਕਿਹੜੀਆਂ-ਕਿਹੜੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਦੀਆਂ ਹਨ?**

ਉੱਤਰ:- ਹੱਥ ਨਾਲ ਸਿਊਣ ਵਾਲੀਆਂ ਸੂਈਆਂ ਅਤੇ ਮਸ਼ੀਨੀ ਸੂਈਆਂ ਕੱਪੜੇ ਮੁਤਾਬਿਕ ਵੱਖ-ਵੱਖ ਨੰਬਰਾਂ ਦੀਆਂ ਇਸਤੇਮਾਲ ਹੁੰਦੀਆਂ ਹਨ।

**ਖਾਲੀ ਸਥਾਨ ਭਰੋ**

1. ਸਿਲਾਈ ਮਸ਼ੀਨ ਹਰ ਘਰ ਦੀ <u>ਜ਼ਰੂਰਤ</u> ਹੈ।
2. ਮਸ਼ੀਨ ਦੀ ਸਿਲਾਈ ਲਈ <u>ਦੋ</u> ਧਾਗਿਆਂ ਦੀ ਜ਼ਰੂਰਤ ਹੁੰਦੀ ਹੈ।
3. ਮੁੱਢਲੇ ਤੌਰ ਤੇ ਸਿਲਾਈ ਮਸ਼ੀਨਾਂ <u>ਤਿੰਨ</u> ਕਿਸਮ ਦੀਆਂ ਹੁੰਦੀਆਂ ਹਨ।
4. ਜੇਕਰ ਸੂਈ ਟੇਢੀ ਹੋਵੇ ਤਾਂ ਸੂਈ ਜਾਂ <u>ਧਾਗਾ</u> ਟੁੱਟ ਸਕਦਾ ਹੈ।

**ਠੀਕ/ਗਲਤ ਦੱਸੋ**

1. ਸਮੇਂ ਸਿਰ ਲਗਾਇਆ ਇੱਕ ਟਾਂਕਾ ਦੋ ਟਾਂਕਿਆ ਦੀ ਬੱਚਤ ਕਰ ਦਿੰਦਾ ਹੈ। (✗)
2. ਸਿਲਾਈ ਮਸ਼ੀਨ ਰੋਜ਼ੀ ਦਾ ਸਾਧਨ ਵੀ ਬਣ ਸਕਦੀ ਹੈ। (✓)
3. ਮਸ਼ੀਨ ਸਾਫ਼ ਕਰਨ ਸਮੇਂ ਗਿੱਲਾ ਕੱਪੜਾ ਵਰਤਣਾ ਚਾਹੀਦਾ ਹੈ। (✗)
4. ਤੇਲ ਨਾ ਦੇਣ ਨਾਲ ਮਸ਼ੀਨ ਦੀ ਉਮਰ ਘੱਟ ਜਾਂਦੀ ਹੈ। (✓)

## ਬਹੁ ਚੋਣਵੇਂ ਪ੍ਰਸ਼ਨ

1. ਸਟਿੱਚ ਰੈਗੂਲੇਟਰ ਨੂੰ ਉੱਪਰ ਜਾਂ ਨੀਚੇ ਕਰਕੇ ਟਾਂਕਾ ਛੋਟਾ-ਵੱਡਾ ਕੀਤਾ ਜਾਂਦਾ ਹੈ।

ਉੱਤਰ:- 1. ਛੋਟਾ 2. ਵੱਡਾ 3. ਸਹੀ **4. ਛੋਟਾ-ਵੱਡਾ (✓)**

2. ਮਸ਼ੀਨ ਵਾਸਤੇ ਹਮੇਸ਼ਾ ਵਧੀਆ **ਮਸ਼ੀਨ ਦਾ ਤੇਲ** ਹੀ ਵਰਤਣਾ ਚਾਹੀਦਾ ਹੈ।

ਉੱਤਰ:- 1. ਸਰੋਂ ਦਾ ਤੇਲ 2. ਮਿੱਟੀ ਦਾ ਤੇਲ **3. ਮਸ਼ੀਨ ਦਾ ਤੇਲ (✓)**
4.ਗਰੀ ਦਾ ਤੇਲ

3. ਜੇਕਰ ਫਿਰਕੀ ਕੇਸ ਦਾ ਪੇਚ ਢਿੱਲਾ ਹੋਵੇ ਤਾਂ ਵੀ ਟਾਂਕੇ **ਢਿੱਲੇ ਤੇ** ਗਲਤ ਲਗਦੇ ਹਨ।

ਉੱਤਰ:- 1. ਠੀਕ 2. ਖਿੱਚੇ 3. ਗੁਝੰਲਦਾਰ **4. ਢਿੱਲੇ ਤੇ ਗਲਤ ( ✓)**

4. ਮੋਟੇ ਕੱਪੜੇ ਲਈ **16-18** ਨੰਬਰ ਦੀ ਸੂਈ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਉੱਤਰ- **1. 16-18 (✓)** 2. 12 3. 14

4. 10 ਤੋਂ 11

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਸਿਲਾਈ ਮਸ਼ੀਨ ਨੂੰ ਤੇਲ ਕਿੱਥੇ ਅਤੇ ਕਿਵੇਂ ਦੇਣਾ ਚਾਹੀਦਾ ਹੈ?**

ਉੱਤਰ:- ਮਸ਼ੀਨ ਦੇ ਉਪਰਲੇ ਹਿੱਸੇ ਵਿੱਚ ਸਾਰੇ ਸੁਰਾਖਾਂ ਵਿੱਚ ਤੇਲ ਦੇਣਾ ਚਾਹੀਦਾ ਹੈ। ਇਨ੍ਹਾਂ ਸੁਰਾਖਾਂ ਤੇ ਤੀਰ ਦਾ ਨਿਸ਼ਾਨ ਲੱਗਾ ਹੁੰਦਾ ਹੈ। ਮਸ਼ੀਨ ਦੇ ਅੰਦਰੂਨੀ ਹਿੱਸੇ ਵਿੱਚ ਜਿਹੜੇ ਪੁਰਜ਼ੇ ਹਰਕਤ ਕਰਦੇ ਹਨ ਸਾਰੇ ਜੋੜਾਂ ਅਤੇ ਪੇਚਾਂ ਵਿੱਚ 2-2 ਬੂੰਦਾਂ ਤੇਲ ਦੇਣਾ ਚਾਹੀਦਾ ਹੈ।

**ਪ੍ਰਸ਼ਨ:-2 ਮਸ਼ੀਨ ਵਿੱਚ ਆਮ ਨੁਕਸ ਕਿਹੜੇ-ਕਿਹੜੇ ਹਨ? ਕਿਸੇ ਇੱਕ ਬਾਰੇ ਦੱਸੋ।**

ਉੱਤਰ:- ਮਸ਼ੀਨ ਵਿੱਚ ਆਮ ਨੁਕਸ:-

1. ਧਾਗਾ ਬਾਰ-ਬਾਰ ਟੁੱਟਣਾ

2. ਆਵਾਜ਼ ਦੇਣਾ ਤੇ ਭਾਰੀ ਚਲਣਾ

3. ਬਾਰ-ਬਾਰ ਸੂਈਆਂ ਟੁੱਟਣਾ

4. ਥੱਲੇ ਵਾਲਾ ਧਾਗਾ ਟੁੱਟਣਾ

**ਪ੍ਰਸ਼ਨ:-3 ਫਿਰਕੀ ਵਾਲਾ ਧਾਗਾ ਮਸ਼ੀਨ ਵਿੱਚ ਕਿਵੇਂ ਪਾਇਆ ਜਾਦਾ ਹੈ?**

ਉੱਤਰ:- ਰੀਲ ਨੂੰ ਸਪੂਲ ਪਿੰਨ ਤੇ ਲਗਾ ਕੇ ਥੋੜਾ ਧਾਗਾ ਫਿਰਕੀ ਤੇ ਚੜਾ ਲਓ ਫਿਰ ਫਿਰਕੀ ਨੂੰ ਬਾਬਿਨ ਵਾਈਂਡਰ ਤੇ ਫਿੱਟ ਕਰਕੇ, ਹੁੱਕ ਨੂੰ ਖੱਬੇ ਹੱਥ ਨਾਲ ਦਬਾ ਕੇ ਸੱਜੇ ਹੱਥ ਨਾਲ ਮਸ਼ੀਨ ਚਲਾਓ। ਫਿਰ ਫਿਰਕੀ ਨੂੰ ਬੋਬਿਨ ਕੇਸ ਵਿੱਚ ਪਾ ਕੇ ਧਾਗੇ ਦਾ ਸਿਰਾ ਪੱਤੀ ਤੋਂ ਬਾਹਰ ਖਿੱਚੋ ਫਿਰ ਸ਼ਟਲ ਵਿੱਚੋਂ ਸੂਈ ਉੱਪਰ ਚੁੱਕ ਕੇ ਸ਼ਟਲ ਵਿੱਚ ਬੋਬਿਨ ਕੇਸ ਫਿੱਟ ਕਰ ਦਿਓ।

**ਪ੍ਰਸ਼ਨ:-4 ਮਸ਼ੀਨ ਦਾ ਟਾਂਕਾ ਕਿਵੇਂ ਪਰਖਿਆ ਜਾਂਦਾ ਹੈ?**

ਉੱਤਰ:- ਮਸ਼ੀਨ ਦੇ ਬਖੀਏ ਦੇ ਸਹੀ ਟਾਂਕੇ ਲਈ ਉਪਰਲਾ ਧਾਗਾ ਅਤੇ ਫਿਰਕੀ ਵਾਲੇ ਧਾਗੇ ਦਾ ਖਿਚਾਅ ਬਰਾਬਰ ਹੋਣਾ ਚਾਹੀਦਾ ਹੈ। ਜੇਕਰ ਉਪਰਲਾ ਟਾਂਕਾ ਢਿੱਲਾ ਨਜ਼ਰ ਆਉਂਦਾ ਹੈ ਤਾਂ ਥਰੈਡ ਟੈਨਸ਼ਨ ਰੈਗੂਲੇਟਰ ਸਕਰੂ ਨੂੰ ਸੱਜੇ ਪਾਸੇ ਘੁਮਾ ਕੇ ਕੱਸ ਦਿਓ ਜੇਕਰ ਫਿਰਕੀ ਵਾਲਾ ਧਾਗਾ ਨਜ਼ਰ ਆਉਂਦਾ ਹੈ ਤਾਂ ਫਿਰਕੀ ਕੇਸ ਦੀ ਪੱਤੀ ਨੂੰ ਥੋੜ੍ਹਾ ਢਿੱਲਾ ਕਰ ਦਿਓ।

**ਪ੍ਰਸ਼ਨ:-5 ਸਿਲਾਈ ਮਸ਼ੀਨ ਦੀ ਸਫ਼ਾਈ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- ਸਿਲਾਈ ਮਸ਼ੀਨ ਤੇ ਮਿੱਟੀ ਪੈ ਜਾਂਦੀ ਹੈ ਇਸ ਮਸ਼ੀਨ ਦੀ ਸਾਫ਼ ਸਫ਼ਾਈ ਜ਼ਰੂਰੀ ਹੈ। ਮਸ਼ੀਨ ਵਰਤਣ ਤੋਂ ਬਾਅਦ ਕੱਪੜੇ ਜਾਂ ਨਰਮ ਜਿਹੇ ਬੁਰਸ਼ ਨਾਲ ਮਸ਼ੀਨ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ ਮਸ਼ੀਨ ਨੂੰ ਕਦੀ ਵੀ ਗਿੱਲਾ ਕੱਪੜਾ ਨਹੀਂ ਮਾਰਨਾ ਚਾਹੀਦਾ ਕਿਉਂਕਿ ਜੰਗ ਲੱਗਣ ਦਾ ਖਤਰਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸ਼ਟਲ ਖੋਲ ਕੇ ਸਾਫ਼ ਕਰਕੇ ਤੇਲ ਦੇ ਕੇ ਦੁਬਾਰਾ ਫਿੱਟ ਕਰ ਦੇਣਾ ਚਾਹੀਦਾ ਹੈ।

**ਪ੍ਰਸ਼ਨ-6 ਮਸ਼ੀਨ ਵਿੱਚ ਸੂਈ ਕਿਵੇਂ ਲਗਾਈ ਜਾਂਦੀ ਹੈ?**

ਉੱਤਰ- ਮਸ਼ੀਨ ਵਿੱਚ ਸੂਈ ਲਾਉਣ ਵੇਲੇ ਫਲਾਈ ਵ੍ਹੀਲ ਨੂੰ ਆਪਣੇ ਵੱਲ ਘੁਮਾ ਕੇ ਨੀਡਲ ਬਾਰ ਨੂੰ ਉੱਚਾ ਕਰੋ, ਫਿਰ ਕਲੈਂਪ ਸਕਰੂ ਨੂੰ ਢਿੱਲਾ ਕਰੋ। ਥੋੜ੍ਹਾ ਥੱਲੇ ਕਰਕੇ ਹੁਣ ਸੂਈ ਦੀ ਚਪਟੀ ਤਰਫ ਨੂੰ ਸਕਰੂ ਵੱਲ ਰੱਖਕੇ ਨੀਡਲ ਦੇ ਸੁਰਾਖ ਵਿੱਚ ਠੀਕ ਤਰ੍ਹਾਂ ਫਿੱਟ ਕਰਕੇ ਅਤੇ ਕਲੈਂਪ ਸਕਰੂ ਨੂੰ ਕੱਸ ਕੇ ਸੂਈ ਲਗਾਈ ਜਾਂਦੀ ਹੈ।

**ਪ੍ਰਸ਼ਨ:-7 ਵੱਖ-ਵੱਖ ਕੱਪੜਿਆਂ ਲਈ ਮਸ਼ੀਨ ਦੀਆਂ ਕਿਹੋ ਜਿਹੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ?**

ਉੱਤਰ- ਵੱਖ-ਵੱਖ ਕੱਪੜਿਆਂ ਮੁਤਾਬਕ ਮਸ਼ੀਨ ਦੀਆਂ ਸੂਈਆਂ:-

1. ਬਰੀਕ ਤੇ ਮਹੀਨ ਕੱਪੜੇ ਜਿਵੇਂ: ਮਲਮਲ, ਆਰਕੰਡੀ, ਵੈਲ, ਨਾਈਲੋਨ, ਟੈਰਾਲੀਨ- 10 ਨੰਬਰ
2. ਸਿਲਕ, ਰੇਔਨ, ਬਰੀਕ ਸੂਤੀ ਕੱਪੜਾ- 12 ਨੰਬਰ
3. ਸਧਾਰਨ ਮੋਟਾਈ ਵਾਲਾ ਕੱਪੜਾ- 14 ਤੋਂ 16 ਨੰਬਰ
4. ਮੋਟਾ ਕੱਪੜਾ- 16 ਤੋਂ 18 ਨੰਬਰ

**ਪ੍ਰਸ਼ਨ:-8 ਵੱਖ-ਵੱਖ ਕੱਪੜਿਆਂ ਦੀ ਕਢਾਈ ਲਈ ਲਈ ਕਿਹੋ ਜਿਹੀਆਂ ਸੂਈਆਂ ਦੀ ਵਰਤੋਂ ਕੀਤੀ ਜਾਂਦੀ ਹੈ?**

ਉੱਤਰ- ਕਢਾਈ ਵਾਸਤੇ ਸੂਈ ਪਤਲੇ ਕੱਪੜੇ ਲਈ ਲੰਬੀ, ਪਤਲੀ ਅਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਜੇਕਰ ਕੱਪੜਾ ਮੋਟਾ ਹੋਵੇ ਤਾਂ ਸੂਈ ਮੋਟੀ ਅਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਊਨੀ ਸਵੈਟਰਾਂ ਲਈ ਸੂਈ ਖੁੰਡੇ ਮੂੰਹ ਵਾਲੀ ਅਤੇ ਖੁੱਲੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਸੂਈ ਛੋਟੀ ਜਾਂ ਵੱਡੀ ਲੋੜ ਮੁਤਾਬਕ ਲਈ ਜਾ ਸਕਦੀ ਹੈ।

**ਪ੍ਰਸ਼ਨ:-9 ਮਸ਼ੀਨ ਦੀ ਸੂਈ ਕਿਹੋ ਜਿਹੀ ਹੁੰਦੀ ਹੈ? ਵੱਖ-ਵੱਖ ਕੱਪੜਿਆਂ ਤੇ ਸਿਲਾਈ ਕਰਨ ਸਮੇਂ ਸੂਈ ਵਿੱਚ ਕੀ ਅੰਤਰ ਹੁੰਦਾ ਹੈ?**

ਉੱਤਰ- ਮਸ਼ੀਨ ਦੀ ਸੂਈ ਦੀ ਬਨਾਵਟ ਤੇ ਲੰਬਾਈ ਆਮ ਤੌਰ ਤੇ ਹਰੇਕ ਮਸ਼ੀਨ ਲਈ ਇੱਕ ਸਾਰ ਹੁੰਦੀ ਹੈ। ਵੱਖ-ਵੱਖ ਕੱਪੜਿਆਂ ਤੇ ਸੂਈ ਵੀ ਵੱਖ-ਵੱਖ ਨੰਬਰਾਂ ਦੀ ਵਰਤੀ ਜਾਦੀ ਹੈ। ਜਿਵੇਂ:-ਪਤਲੇ ਕੱਪੜੇ ਲਈ 12 ਤੋਂ 14 ਨੰਬਰ ਦੀ ਸੂਈ, ਦਰਮਿਆਨੇ ਕੱਪੜੇ ਲਈ 14 ਨੰਬਰ ਅਤੇ ਮੋਟੇ ਕੱਪੜੇ ਲਈ 16 ਤੋਂ 18 ਨੰਬਰ ਦੀ ਸੂਈ ਵਰਤੀ ਜਾਂਦੀ ਹੈ।

**ਪ੍ਰਸ਼ਨ:-10 ਹੱਥ ਦੀਆਂ ਸੂਈਆਂ ਤੇ ਨੋਟ ਲਿਖੋ?**

ਉੱਤਰ- ਸਧਾਰਨ ਹੱਥ ਦੀ ਸੂਈ ਪਤਲੀ, ਬਰੀਕ ਨੱਕੇ ਵਾਲੀ ਅਤੇ ਦਰਮਿਆਨੀ ਲੰਬਾਈ ਵਾਲੀ ਸੂਈ ਹੁੰਦੀ ਹੈ। ਪਤਲੇ ਕੱਪੜੇ ਲਈ ਅਤੇ ਬਰੀਕ ਤਰਪਾਈ ਲਈ ਪਤਲੀ ਛੋਟੀ ਸੂਈ ਦੀ ਵਰਤੋ ਕੀਤੀ ਜਾਂਦੀ ਹੈ।

ਮੋਟੇ ਕੱਪੜੇ ਲਈ ਮੋਟੀ, ਲੰਬੀ ਤੇ ਦਰਮਿਆਨੀ ਸੂਈ ਦੀ ਵਰਤੋ ਕੀਤੀ ਜਾਂਦੀ ਹੈ। ਰਫੂ ਲਈ ਸੂਈ ਬਰੀਕ ਛੋਟੀ ਅਤੇ ਬਰੀਕ ਨੱਕੇ ਵਾਲੀ ਹੋਣੀ ਚਾਹੀਦੀ ਹੈ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1. ਮਸ਼ੀਨ ਦੀ ਸੰਭਾਲ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- ਮਸ਼ੀਨ ਤੋਂ ਵਧੀਆ ਕੰਮ ਲੈਣ ਲਈ ਮਸ਼ੀਨ ਦੀ ਸੰਭਾਲ ਬਹੁਤ ਜ਼ਰੂਰੀ ਹੈ। **ਸਫ਼ਾਈ:-** ਮਸ਼ੀਨ ਦੇ ਸਾਰੇ ਪੁਰਜ਼ਿਆਂ ਦੀ ਸਾਫ਼ ਸਫ਼ਾਈ ਕਰਨੀ ਚਾਹੀਦੀ ਹੈ। ਕੱਪੜਾ ਸਿਊਂਣ ਸਮੇਂ ਧਾਗੇ ਦੇ ਰੇਸ਼ੇ ਮਸ਼ੀਨ ਵਿੱਚ ਫਸ ਜਾਂਦੇ ਹਨ ਜਿਸ ਨਾਲ ਮਸ਼ੀਨ ਭਾਰੀ ਹੋ ਜਾਂਦੀ ਹੈ। ਕੋਈ ਨਰਮ ਜਿਹਾ ਬੁਰਸ਼ ਲੈ ਕੇ ਸਫ਼ਾਈ ਕਰਨੀ ਚਾਹੀਦੀ ਹੈ। ਮਸ਼ੀਨ ਨੂੰ ਕਦੀ ਵੀ ਗਿੱਲੇ ਕੱਪੜੇ ਨਾਲ ਨਹੀਂ ਸਾਫ਼ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਮਸ਼ੀਨ ਨੂੰ ਜੰਗ ਲੱਗ ਜਾਂਦਾ ਹੈ। ਇਸੇ ਤਰ੍ਹਾਂ ਸ਼ਟਲ ਖੋਲਕੇ ਸਾਫ ਕਰਕੇ ਤੇਲ ਦੇ ਕੇ ਦੁਬਾਰਾ ਫਿੱਟ ਕਰਨਾ ਚਾਹੀਦਾ ਹੈ।

**ਮਸ਼ੀਨ ਨੂੰ ਤੇਲ ਦੇਣਾ:-**ਮਸ਼ੀਨ ਨੂੰ ਤੇਲ ਦੇਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਮਸ਼ੀਨ ਦੇ ਪੁਰਜ਼ੇ ਆਪਸ ਵਿੱਚ ਰਗੜ ਕੇ ਘੱਸ ਜਾਂਦੇ ਹਨ ਤੇ ਮਸ਼ੀਨ ਭਾਰੀ ਹੋ ਜਾਂਦੀ ਹੈ ਅਤੇ ਆਵਾਜ ਕਰਨ ਲੱਗ ਜਾਂਦੀ ਹੈ। ਮਸ਼ੀਨ ਨੂੰ ਹਫਤੇ ਵਿੱਚ ਇੱਕ ਜਾਂ ਦੋ ਵਾਰ ਤੇਲ ਦੇਣ ਦੀ ਜ਼ਰੂਰਤ ਹੁੰਦੀ ਹੈ। ਮਸ਼ੀਨ ਨੂੰ ਹਮੇਸ਼ਾ ਮਸ਼ੀਨ ਦਾ ਤੇਲ ਹੀ ਦੇਣਾ ਚਾਹੀਦਾ ਹੈ। ਗਰੀ ਦਾ ਤੇਲ, ਸਰੋਂ ਦਾ ਤੇਲ, ਮਿੱਟੀ ਦਾ ਤੇਲ ਨਹੀਂ ਦੇਣਾ ਚਾਹੀਦਾ। ਤੇਲ ਦੇਣ ਤੋਂ ਬਾਅਦ ਮਸ਼ੀਨ ਚੰਗੀ ਤਰ੍ਹਾਂ ਚਲਾਉਣੀ ਚਾਹੀਦੀ ਹੈ ਅਤੇ ਧੁੱਪ ਵੀ ਲਵਾਉਣੀ ਚਾਹੀਦੀ ਹੈ। ਇਸ ਤਰ੍ਹਾ ਮਸ਼ੀਨ ਦੀ ਸੰਭਾਲ ਕਰਨ ਨਾਲ ਮਸ਼ੀਨ ਦੀ ਉਮਰ ਵੱਧ ਜਾਂਦੀ ਹੈ।

**ਪ੍ਰਸ਼ਨ:-2 ਸਿਲਾਈ ਲਈ ਇਸਤੇਮਾਲ ਹੋਣ ਵਾਲੀਆਂ ਸੂਈਆਂ ਬਾਰੇ ਵਿਸਥਾਰ ਨਾਲ ਲਿਖੋ।**

ਉੱਤਰ- ਹੱਥ ਅਤੇ ਮਸ਼ੀਨ ਤੇ ਪ੍ਰਯੋਗ ਕਰਨ ਲਈ ਵੱਖ-ਵੱਖ ਕਿਸਮ ਦੀਆਂ ਸੂਈਆਂ ਹੁੰਦੀਆਂ ਹਨ। ਸਿਲਾਈ ਅਤੇ ਕਢਾਈ ਲਈ ਹੱਥ ਨਾਲ ਪ੍ਰਯੋਗ ਕਰਨ ਵਾਸਤੇ ਅਲੱਗ-ਅਲੱਗ ਸੂਈਆਂ ਹੁੰਦੀਆਂ ਹਨ।

1. **ਹੱਥ ਨਾਲ ਸਿਲਾਈ ਲਈ ਸੂਈਆਂ:-**ਸਧਾਰਣ ਸਿਲਾਈ ਲਈ ਇਹ ਪਤਲੀ ਬਰੀਕ ਨੱਕੇ ਵਾਲੀ ਸੂਈ ਹੁੰਦੀ ਹੈ। ਇਸ ਦੇ ਉਲਟ ਮੋਟੇ ਕੱਪੜੇ ਲਈ ਮੋਟੀ ਅਤੇ ਲੰਬੀ ਦਰਮਿਆਨੇ ਨੱਕੇ ਵਾਲੀ ਸੂਈ ਹੁੰਦੀ ਹੈ। ਰਫੂ ਕਰਨ ਲਈ ਸੂਈ ਲੰਬੀ, ਪਤਲੀ, ਬਰੀਕ ਨੱਕੇ ਵਾਲੀ ਹੋਣੀ ਚਾਹੀਦੀ ਹੈ।

2. **ਕਢਾਈ ਲਈ ਸੂਈਆਂ:-**ਕਢਾਈ ਵਾਲੀ ਸੂਈ ਪਤਲੇ ਕੱਪੜੇ ਲਈ ਲੰਬੀ, ਪਤਲੀ ਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਮੋਟੇ ਕੱਪੜੇ ਲਈ ਸੂਈ ਮੋਟੀ ਅਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਊਨੀ ਕੱਪੜੇ ਜਾਂ ਸਵੈਟਰਾਂ ਲਈ ਖੁੰਡੇ ਨੱਕੇ ਅਤੇ ਮੂੰਹ ਵਾਲੀ ਸੂਈ ਹੁੰਦੀ ਹੈ।

3. **ਮਸ਼ੀਨ ਲਈ ਸੂਈਆਂ:-**ਮਸ਼ੀਨ ਦੀਆਂ ਸੂਈਆਂ ਦੀ ਬਣਤਰ ਹਰੇਕ ਮਸ਼ੀਨ ਲਈ ਲਗਭੱਗ ਇੱਕੋ ਜਿਹੀ ਹੁੰਦੀ ਹੈ। ਕੱਪੜੇ ਦੀ ਮੋਟਾਈ ਮੁਤਾਬਕ ਇਨ੍ਹਾਂ ਦੀ ਮੋਟਾਈ ਵੱਖ-ਵੱਖ ਹੁੰਦੀ ਹੈ। ਪਤਲੇ ਕੱਪੜੇ ਲਈ 12 ਤੋਂ 14 ਨੰਬਰ ਦੀ ਸੂਈ ਦਰਮਿਆਨੇ ਕੱਪੜੇ ਲਈ 14 ਨੰਬਰ ਅਤੇ ਮੋਟੇ ਕੱਪੜੇ ਲਈ 16 ਤੋਂ 18 ਨੰਬਰ ਦੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ।

ਪ੍ਰਸ਼ਨ-3 **ਮਸ਼ੀਨ ਵਿੱਚ ਕਿਹੜੇ-ਕਿਹੜੇ ਨੁਕਸ ਪੈ ਜਾਂਦੇ ਹਨ ਅਤੇ ਕਿਵੇਂ ਦੂਰ ਕੀਤੇ ਜਾਂਦੇ ਹਨ?**

ਉੱਤਰ- ਮਸ਼ੀਨ ਵਿੱਚ ਹੇਠ ਲਿਖੇ ਨੁਕਸ ਪੈ ਜਾਂਦੇ ਹਨ:-

1. ਮਸ਼ੀਨ ਦਾ ਧਾਗਾ ਬਾਰ-ਬਾਰ ਟੁੱਟਣਾ।

**ਉਪਾਅ:-** ਡੱਬੀ ਅਤੇ ਸ਼ਟਲ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਬਾਬਿਨ ਨੂੰ ਹੱਥ ਨਾਲ ਨਹੀਂ ਸਗੋਂ ਬਾਬਿਨ ਵਾਈਂਡਰ ਤੇ ਹੀ ਭਰਨਾ ਚਾਹੀਦਾ ਹੈ।

2. ਮਸ਼ੀਨ ਦਾ ਆਵਾਜ਼ ਦੇਣਾ ਅਤੇ ਭਾਰੀ ਚਲਣਾ।

**ਉਪਾਅ:-** ਮਸ਼ੀਨ ਦੇ ਛੇਕਾਂ ਵਿੱਚ ਥੋੜਾ-ਥੋੜਾ ਬੈਂਜ਼ੀਨ ਜਾਂ ਪੈਰਾਫਿਨ ਦਾ ਤੇਲ ਦੇਣਾ ਚਾਹੀਦਾ ਹੈ ਅਤੇ ਧੁੱਪ ਲਵਾਉਣੀ ਚਾਹੀਦੀ ਹੈ।

3. ਸੂਈਆਂ ਦਾ ਬਾਰ-ਬਾਰ ਟੁੱਟਣਾ।

**ਉਪਾਅ:-** ਸ਼ਟਲ ਖੋਲ ਕੇ ਦੁਬਾਰਾ ਫਿੱਟ ਕਰਨਾ ਚਾਹੀਦਾ ਹੈ ਅਤੇ ਸੂਈ ਜੇਕਰ ਨੀਵੀਂ ਲੱਗੀ ਹੋਵੇ ਤਾਂ ਵੀ ਸੂਈ ਬਾਰ-ਬਾਰ ਟੁੱਟਦੀ ਹੈ।

4. ਸਿਲਾਈ ਕਰਦੇ ਸਮੇਂ ਧਾਗੇ ਵਿੱਚ ਗੁੱਛੇ ਪੈਣਾ।

**ਉਪਾਅ:-** ਮਸ਼ੀਨ ਵਿੱਚ ਧਾਗਾ ਠੀਕ ਪਾਉਣਾ ਚਾਹੀਦਾ ਹੈ। ਥਰੈਡ ਟੇਕਅਪ ਸਪਰਿੰਗ ਟੁੱਟਿਆ ਨਾ ਹੋਵੇ। ਧਾਗੇ ਦਾ ਤਨਾਅ ਹੇਠਾਂ ਉੱਪਰ ਬਰਾਬਰ ਹੋਵੇ।

5. ਕੱਪੜਾ ਸਿਲਾਈ ਸਮੇਂ ਇੱਕਠਾ ਹੋਣਾ।

**ਉਪਾਅ-** ਕੱਪੜੇ ਦੀ ਮੋਟਾਈ ਅਨੁਸਾਰ ਪ੍ਰੈਸ਼ਰ ਰੈਗੂਲੇਟਿੰਗ ਸਕਰੂ ਨੂੰ ਘੱਟ ਜਾਂ ਜ਼ਿਆਦਾ ਕੱਸਿਆ ਹੋਵੇ ਜਾਂ ਧਾਗਾ ਖਿੱਚ ਕੇ ਆ ਰਿਹਾ ਹੋਵੇ।

6. ਬਖੀਆ ਖਰਾਬ ਹੋਣਾ।

**ਉਪਾਅ:-** ਸੂਈ ਟੇਢੀ ਹੋਵੇ ਤਾਂ ਬਦਲ ਦਿਓ। ਗੀਲ ਦਾ ਧਾਗਾ ਮਜਬੂਤ ਹੋਵੇ, ਸ਼ਟਲ ਖੋਲ ਕੇ ਸਾਫ਼ ਕਰਕੇ ਦੁਬਾਰਾ ਫਿੱਟ ਕਰ ਦਿਓ। ਮਸ਼ੀਨ ਦੇ ਉਪਰਲੇ ਅਤੇ ਹੇਠਾਂ ਵਾਲੇ ਧਾਗੇ ਦਾ ਦਬਾਅ ਚੈਕ ਕਰਨਾ ਚਾਹੀਦਾ ਹੈ।

## ਪਾਠ -7 (ਨਾਪ ਨੂੰ ਡਰਾਫਟਿੰਗ ਵਿੱਚ ਬਦਲਣਾ)

## ਵਸਤੂਨਿਸ਼ਠ ਪ੍ਰਸ਼ਨ

**ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ**

ਪ੍ਰਸ਼ਨ:-1 **ਸਰੀਰਕ ਨਾਪ ਕਿੰਨੇ ਤਰ੍ਹਾਂ ਦੇ ਹੁੰਦੇ ਹਨ ਅਤੇ ਕਿਹੜੇ-ਕਿਹੜੇ ਹੁੰਦੇ ਹਨ?**

ਉੱਤਰ:- ਸਰੀਰਕ ਨਾਪ ਤਿੰਨ ਤਰ੍ਹਾਂ ਦੇ ਹੁੰਦੇ ਹਨ:- 1. ਲੰਬਾਈ ਵਾਲੇ ਨਾਪ 2. ਚੌੜਾਈ ਵਾਲੇ ਨਾਪ 3. ਗੋਲਾਈ ਵਾਲੇ ਨਾਪ

ਪ੍ਰਸ਼ਨ:-2 **ਗੋਲਾਈ ਵਾਲੇ ਨਾਪ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਨਾਪ ਲੈਣ ਵੇਲੇ ਇੰਚੀਚਟੇਪ ਦੇ ਇੱਕ ਸਿਰੇ ਨੂੰ ਸਰੀਰ ਦੇ ਇੱਕ ਹਿੱਸੇ ਤੇ ਰੱਖਕੇ ਬਾਕੀ ਇੰਚੀਟੇਪ ਨੂੰ ਸਰੀਰ ਦੇ ਦੁਆਲੇ ਗੋਲਾਈ ਵਿੱਚ ਘੁਮਾ ਕੇ ਵਾਪਸ ਉਸੀ ਸਥਾਨ ਤੇ ਲੈ ਆਉਂਦੇ ਹਨ। ਇਸ ਨੂੰ ਗੋਲਾਈ ਵਾਲਾ ਨਾਪ ਕਹਿੰਦੇ ਹਨ।

ਪ੍ਰਸ਼ਨ:-3 **ਲੰਬਾਈ ਵਾਲੇ ਨਾਪ ਤੋਂ ਤੁਸੀ ਕੀ ਸਮਝਦੇ ਹੋ?**

ਉੱਤਰ:- ਜਦੋਂ ਸਰੀਰ ਦੇ ਇੱਕ ਹਿੱਸੇ ਤੇ ਇੰਚੀਟੇਪ ਰੱਖ ਕੇ ਲੰਬਾਈ ਵੱਲ ਸਿੱਧਾ ਲਈਏ ਤਾਂ ਇਸਨੂੰ ਲੰਬਾਈ ਵਾਲਾ ਨਾਪ ਕਹਿੰਦੇ ਹਨ।

ਪ੍ਰਸ਼ਨ:-4 **ਚੌੜਾਈ ਵਾਲੇ ਨਾਪ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਜਦੋਂ ਇੰਚੀਟੇਪ ਦਾ ਇੱਕ ਸਿਰਾ ਸਰੀਰ ਦੇ ਹਿੱਸੇ ਤੇ ਰੱਖ ਕੇ ਚੌੜਾਈ ਵੱਲ ਦੂਸਰਾ ਸਿਰਾ ਲੈ ਕੇ ਜਾਂਦੇ ਹਾਂ ਤਾਂ ਉਸ ਨੂੰ ਚੌੜਾਈ ਦਾ ਨਾਪ ਕਹਿੰਦੇ ਹਨ।

**ਖਾਲੀ ਥਾਂਵਾ ਭਰੋ**

1. ਸਰੀਰਕ ਨਾਪ **ਤਿੰਨ** ਤਰ੍ਹਾਂ ਦੇ ਹੁੰਦੇ ਹਨ।

2. ਛਾਤੀ ਦਾ ਨਾਪ **ਗੋਲਾਈ** ਵਾਲਾ ਨਾਪ ਹੁੰਦਾ ਹੈ।

3. ਤੀਰੇ ਦਾ ਨਾਪ **ਚੌੜਾਈ** ਵਾਲਾ ਨਾਪ ਹੁੰਦਾ ਹੈ।

4. ਪੁਸ਼ਾਕ ਬਣਾਉਣ ਲਈ ਰੇਡੀਮੇਡ ਡਰਾਫਟਿੰਗ ਜਾਂ **ਪੇਪਰ ਪੈਟਰਨ** ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਠੀਕ/ਗਲਤ ਦੱਸੋ**

1. ਕੱਪੜੇ ਦੀ ਕਟਾਈ ਤੋਂ ਪਹਿਲਾਂ ਡਰਾਫਟ ਬਣਾਉਣਾ ਜ਼ਰੂਰੀ ਹੈ (✓)

2. ਡਰਾਫਟ ਬਣਾਉਣ ਸਮੇਂ ਮੁੱਖ ਪੰਜ ਤਰ੍ਹਾਂ ਦੇ ਨਾਪ ਲਏ ਜਾਂਦੇ ਹਨ। (✗)

3. ਛਾਤੀ, ਕਮਰ ਅਤੇ ਹਿੱਪ ਦੇ ਨਾਪ ਗੋਲਾਈ ਵਾਲੇ ਨਾਪ ਹੁੰਦੇ ਹਨ। (✓)

4. ਜ਼ਰੂਰਤ ਅਨੁਸਾਰ ਪੈਟਰਨ ਨੂੰ ਵਧਾਇਆ ਘਟਾਇਆ ਨਹੀਂ ਜਾ ਸਕਦਾ। (✗)

**ਬਹੁ ਚੋਣਵੇਂ ਪ੍ਰਸ਼ਨ**

1. ਪੁਸ਼ਾਕ ਇੰਨੀ **ਖੁੱਲ੍ਹੀ** ਹੋਣੀ ਚਾਹੀਦੀ ਹੈ ਕਿ ਵਿਅਕਤੀ ਆਸਾਨੀ ਨਾਲ ਕੰਮ ਕਰ ਸਕੇ।

ਉੱਤਰ:- 1. **ਖੁੱਲ੍ਹੀ** (✓) 2. ਫਿੱਟ 3. ਸੋਹਣੀ 4. ਆਰਾਮਦਾਇਕ

2. ਸਰੀਰਕ ਨਾਪ ਮੁੱਖ ਤੌਰ ਤੇ **ਤਿੰਨ** ਤਰ੍ਹਾਂ ਦੇ ਹੁੰਦੇ ਹਨ।

ਉੱਤਰ:- 1. ਦੋ 2. **ਤਿੰਨ** (✓) 3. ਚਾਰ 4. ਚਾਰ

3. ਰੈਡੀਮੇਡ ਡਰਾਫਟਿੰਗ ਵਿੱਚ ਥੋੜ੍ਹੀ ਬਹੁਤੀ **ਤਬਦੀਲੀ** ਲਿਆਉਣੀ ਪੈਂਦੀ ਹੈ।

ਉੱਤਰ- 1. ਲੰਬਾਈ 2. ਸਿਲਾਈ 3. ਕਟਾਈ 4. **ਤਬਦੀਲੀ** (✓)

4. ਕਮਰ ਦਾ ਨਾਪ **ਗੋਲਾਈ** ਵਾਲਾ ਨਾਪ ਹੁੰਦਾ ਹੈ।

ਉੱਤਰ- 1. ਲੰਬਾਈ 2. ਚੌੜਾਈ 3. ਗੋਲਾਈ (✓) 4. ਸਧਾਰਨ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਰੇਡੀਮੇਡ ਡਰਾਫਟਿੰਗ ਵਿੱਚ ਲੰਬਾਈ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ?**

ਉੱਤਰ- ਜਦੋਂ ਲੰਬਾਈ ਵਿੱਚ ਤਬਦੀਲੀ ਕਰਨੀ ਹੋਏ ਤਾਂ ਡਾਟ (ਪਲੀਟ) ਦੇ ਮੱਧ ਵਿੱਚੋਂ ਬਾਡੀਜ਼ ਬਲਾਕ ਨੂੱ ਕੱਟਕੇ ਲੋੜ ਅਨੁਸਾਰ ਲੰਬਾਈ ਵਧਾ ਜਾਂ ਘਟਾ ਲਓ। ਇਸ ਹਿੱਸੇ ਵਿੱਚ ਫਿਟਿੰਗ ਦੀ ਘੱਟ ਮੁਸ਼ਕਿਲ ਪੈਂਦੀ ਹੈ। ਜਿਸ ਕਰਕੇ ਇੱਥੋ ਲੰਬਾਈ ਆਸਾਨੀ ਨਾਲ ਵਧਾਈ ਜਾਂ ਘਟਾਈ ਜਾ ਸਕਦੀ ਹੈ।

**ਪ੍ਰਸ਼ਨ:-2 ਰੇਡੀਮੇਡ ਡਰਾਫਟਿੰਗ ਵਿੱਚ ਚੌੜਾਈ ਦੇ ਨਾਪ ਨੂੰ ਕਿਵੇਂ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ?**

ਉੱਤਰ- ਰੇਡੀਮੇਡ ਡਰਾਫਟਿੰਗ ਵਿੱਚ ਚੌੜਾਈ ਦੀ ਤਬਦੀਲੀ ਲਈ ਡਰਾਫਟਿੰਗ ਨੂੰ ਮੋਢੇ ਵਾਲੇ ਪਾਸੇ ਤੋਂ ਥੱਲੇ ਤੱਕ ਕੱਟ ਦਿਓ ਅਤੇ ਲੋੜ ਅਨੁਸਾਰ ਚੌੜਾਈ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

**ਪ੍ਰਸ਼ਨ:-3 ਰੇਡੀਮੇਡ ਡਰਾਫਟਿੰਗ ਵਿੱਚ ਤੀਰੇ ਦੇ ਨਾਪ ਨੂੰ ਕਿਵੇਂ ਘਟਾਇਆ ਵਧਾਇਆ ਜਾ ਸਕਦਾ ਹੈ?**

ਉੱਤਰ- ਜੇਕਰ ਬਾਕੀ ਦੀ ਡਰਾਫਟਿੰਗ ਠੀਕ ਫਿੱਟ ਹੋਵੇ ਅਤੇ ਤੀਰਾ ਤੰਗ ਜਾਂ ਖੁੱਲ੍ਹਾ ਕਰਨਾ ਹੋਵੇ ਤਾਂ ਮੋਢੇ ਦੇ ਨਾਪ ਨੂੰ ਕੱਟ ਕੇ ਬਾਂਹ ਦੀ ਕਾਟ ਤੱਕ ਲੈ ਜਾਓ। ਜ਼ਰੂਰਤ ਅਨੁਸਾਰ ਇਸ ਵਿੱਚ ਵਾਧਾ ਜਾਂ ਘਾਟਾ ਕੀਤਾ ਜਾ ਸਕਦਾ ਹੈ।

**ਪ੍ਰਸ਼ਨ:-4 ਰੇਡੀਮੇਡ ਡਰਾਫਟਿੰਗ ਵਿੱਚ ਕਮਰ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ?**

ਉੱਤਰ- ਕਈ ਵਿਅਕਤੀ ਕਮਰ ਤੋਂ ਬਹੁਤ ਪਤਲੇ ਜਾਂ ਬਹੁਤ ਮੋਟੇ ਹੁੰਦੇ ਹਨ। ਜਿਸ ਕਰਕੇ ਡਰਾਫਟਿੰਗ ਵਿੱਚ ਕਮਰ ਦੇ ਨਾਪ ਨੂੰ ਵਧਾਉਣਾ ਜਾਂ ਘਟਾਉਣਾ ਪੈਂਦਾ ਹੈ। ਇਸ ਲਈ ਡਰਾਫਟਿੰਗ ਵਿੱਚੋਂ ਸਾਈਡ ਤੋਂ ਘਾਟਾ ਜਾਂ ਵਾਧਾ ਕੀਤਾ ਜਾ ਸਕਦਾ ਹੈ।

**ਪ੍ਰਸ਼ਨ:-5 ਨਾਪ ਦਾ ਪ੍ਰਯੋਗ ਕਰਕੇ ਡਰਾਫਟਿੰਗ ਕਿਵੇਂ ਬਣਾਈ ਜਾਂਦੀ ਹੈ?**

ਉੱਤਰ- ਜਿਸ ਕਿਸਮ ਦੀ ਪੁਸ਼ਾਕ ਬਣਾਉਣੀ ਹੋਵੇ ਉਸ ਮੁਤਾਬਕ ਜ਼ਰੂਰੀ ਨਾਪ ਲੈ ਕੇ ਕਾਗਜ਼ ਤੇ ਲਿਖ ਲਓ ਲਏ ਨਾਪਾਂ ਵਿੱਚ ਲੋੜ ਅਨੁਸਾਰ ਖੁੱਲ੍ਹਾ ਰੱਖਣ ਲਈ ਅੱਧਾ ਇੰਚ ਤੋਂ ਲੈ ਕੇ ਚਾਰ ਇੰਚ ਤੱਕ ਜ਼ਿਆਦਾ ਰੱਖੇ ਜਾ ਸਕਦੇ ਹਨ। ਜ਼ਰੂਰਤ ਪਸੰਦ ਅਤੇ ਫੈਸ਼ਨ ਅਨੁਸਾਰ ਖੁੱਲ੍ਹੇਪਣ ਵਾਲੇ ਨਾਪ ਘਟਾਏ ਜਾਂ ਵਧਾਏ ਜਾ ਸਕਦੇ ਹਨ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ-1 ਨਾਪ ਨੂੰ ਡਰਾਫਟਿੰਗ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ? ਵਿਆਖਿਆ ਕਰੋ।**

ਉੱਤਰ- ਪੁਸ਼ਾਕ ਬਣਾਉਣ ਲਈ ਸਰੀਰ ਦੇ ਵੱਖ-ਵੱਖ ਹਿੱਸਿਆ ਤੋਂ ਨਾਪ ਲਏ ਜਾਂਦੇ ਹਨ ਇਨ੍ਹਾਂ ਨੂੰ ਆਪਸ ਵਿੱਚ ਮਿਲਾਕੇ ਡਰਾਫਟ ਤਿਆਰ ਕੀਤਾ ਜਾਂਦਾ ਹੈ। ਜਿਸ ਕਿਸਮ ਦੀ ਵੀ ਪੁਸ਼ਾਕ ਬਣਾਉਣੀ ਹੋਵੇ ਉਸ ਮੁਤਾਬਕ ਜ਼ਰੂਰੀ ਨਾਪ ਲੈ ਕੇ ਕਾਗਜ਼ ਤੇ ਲਿਖ ਲਓ। ਇਹ ਨਾਪ ਸਰੀਰ ਦੇ ਬਰਾਬਰ ਪੂਰੇ-ਪੂਰੇ ਲਏ ਜਾਂਦੇ ਹਨ। ਜਦਕਿ ਪੁਸ਼ਾਕ ਇੰਨੀ ਖੁੱਲ੍ਹੀ ਹੋਣੀ ਚਾਹੀਦੀ ਹੈ ਕਿ ਵਿਅਕਤੀ ਆਸਾਨੀ ਨਾਲ ਹਰ ਕੰਮ ਕਰ ਸਕੇ। ਇੰਨਾਂ ਲਏ ਹੋਏ ਨਾਪਾਂ ਵਿੱਚ ਲੋੜ ਅਨੁਸਾਰ ਅੱਧਾ ਇੰਚ ਤੋਂ ਲੈਕੇ ਤਿੰਨ ਇੰਚ ਤੱਕ ਦਾ ਖੁੱਲ੍ਹਾਪਣ ਰੱਖਿਆ ਜਾ ਸਕਦਾ ਹੈ। ਖੁੱਲ੍ਹੇਪਣ ਲਈ ਹੇਠ ਅਨੁਸਾਰ ਲੂਜ਼ ਪਾਇਆ ਜਾ ਸਕਦਾ ਹੈ:-

ਮੋਢਿਆਂ ਤੇ ਅੱਧਾ ਇੰਚ

ਬਾਂਹ ਦੀ ਕਾਟ ਲਈ ਅੱਧਾ ਇੰਚ ਤੋਂ ਇੱਕ ਇੰਚ

ਛਾਤੀ ਦੇ ਨਾਪ ਵਿੱਚ 2 ਤੋਂ 4 ਇੰਚ

ਕਮਰ ਦੇ ਨਾਪ ਵਿੱਚ 2 ਤੋਂ 4 ਇੰਚ

ਹਿੱਪ ਦੇ ਨਾਪ ਲਈ 2 ਤੋਂ 5 ਇੰਚ

ਬਾਂਹ ਦੀ ਗੋਲਾਈ ਲਈ ਅੱਧਾ ਇੰਚ ਤੋਂ 2 ਇੰਚ

ਨਿੱਕਰ ਜਾਂ ਪੈਂਟ ਦੇ ਆਸਣ ਲਈ 2 ਤੋਂ 3 ਇੰਚ ਤੱਕ ਦਾ ਨਾਪ ਜੋੜਿਆ ਜਾ ਸਕਦਾ ਹੈ। ਜ਼ਰੂਰਤ ਪਸੰਦ ਅਤੇ ਫੈਸ਼ਨ ਅਨੁਸਾਰ ਇਹ ਖੁੱਲ੍ਹੇਪਣ ਵਾਲੇ ਨਾਪ ਵਧਾਏ ਘਟਾਏ ਜਾ ਸਕਦੇ ਹਨ।

ਮੁੱਢਲੇ ਸਰੀਰਕ ਨਾਪਾਂ ਵਿੱਚ ਖੁੱਲ੍ਹੇਪਣ ਲਈ ਨਾਪ ਜੋੜ ਕੇ ਡਰਾਫਟਿੰਗ ਤਿਆਰ ਕੀਤੀ ਜਾਂਦੀ ਹੈ। ਬਾਅਦ ਵਿੱਚ ਸਿਲਾਈ ਹੱਕ ਅਤੇ ਫੱਟੇ ਮੋੜਨ ਦੇ ਹੱਕ ਜੋੜੇ ਜਾਂਦੇ ਹਨ।

ਪ੍ਰਸ਼ਨ-2 ਰੇਡੀਮੇਡ ਡਰਾਫਟਿੰਗ ਨੂੰ ਨਾਪ ਅਨੁਸਾਰ ਤਬਦੀਲ ਕਿਵੇਂ ਕੀਤਾ ਜਾ ਸਕਦਾ ਹੈ?

ਉੱਤਰ- ਰੇਡੀਮੇਡ ਡ੍ਰਾਫਟਿੰਗ ਨੂੰ ਨਾਪ ਅਨੁਸਾਰ ਤਬਦੀਲ ਕਰਨਾ:-ਕਈ ਵਾਰ ਸਟੈਂਡਰਡ ਨਾਪ ਨਾਲ ਬਣਾਈ ਹੋਈ ਡਰਾਫਟਿੰਗ ਹਰੇਕ ਸਰੀਰ ਉੱਤੇ ਫਿੱਟ ਨਹੀਂ ਆਉਂਦੀ। ਕਿਸੇ ਵਿਅਕਤੀ ਦੀ ਕਮਰ ਪਤਲੀ, ਮੋਢੇ ਚੌੜੇ, ਹਿੱਪ ਭਾਰੀ ਹੋ ਸਕਦੇ ਹਨ। ਇਸ ਲਈ ਡ੍ਰਾਫਟ ਵਿੱਚ ਤਬਦੀਲੀ ਕਰਨੀ ਪੈ ਸਕਦੀ ਹੈ:-

(ੳ) ਲੰਬਾਈ ਦਾ ਵਧਾਉਣਾ ਜਾਂ ਘਟਾਉਣਾ:-ਜੇਕਰ ਲੰਬਾਈ ਵਿੱਚ ਤਬਦੀਲੀ ਕਰਨੀ ਹੋਵੇ ਤਾਂ ਡਾਟ ਦੇ ਮੱਧ ਵਿੱਚ ਬਾਡੀਜ਼ ਬਲਾਕ ਨੂੰ ਕੱਟ ਕੇ ਲੋੜ ਅਨੁਸਾਰ ਲੰਬਾਈ ਵਧਾ ਜਾਂ ਘਟਾ ਲਓ। ਇਸ ਹਿੱਸੇ ਵਿੱਚ ਫਿਟਿੰਗ ਦੀ ਘੱਟ ਮੁਸ਼ਕਿਲ ਆਉਂਦੀ ਹੈ।

(ਅ) ਚੌੜਾਈ ਦਾ ਵਧਾਉਣਾ ਜਾਂ ਘਟਾਉਣਾ:-ਚੌੜਾਈ ਦੀ ਤਬਦੀਲੀ ਲਈ ਡ੍ਰਾਫਟਿੰਗ ਨੂੰ ਮੋਢੇ ਵਾਲੇ ਪਾਸੇ ਤੋਂ ਥੱਲੇ ਤੱਕ ਕੱਟ ਦਿਓ ਅਤੇ ਲੋੜ ਅਨੁਸਾਰ ਚੌੜਾਈ ਵਧਾਈ ਜਾਂ ਘਟਾਈ ਜਾ ਸਕਦੀ ਹੈ।

(ੲ) ਤੀਰੇ ਦਾ ਨਾਪ ਘੱਟ ਵੱਧ ਕਰਨਾ:-ਜੇਕਰ ਤੀਰੇ ਦਾ ਨਾਪ ਘੱਟ ਵੱਧ ਕਰਨਾ ਹੋਵੇ ਤਾਂ ਮੋਢੇ ਦੇ ਨਾਪ ਨੂੰ ਵਿਚਕਾਰੋਂ ਕੱਟ ਕੇ ਬਾਂਹ ਦੀ ਕਾਟ ਤੱਕ ਲੈ ਜਾਓ ਜ਼ਰੂਰਤ ਅਨੁਸਾਰ ਇਸ ਨਾਪ ਵਿੱਚ ਜੋੜਿਆ ਵੀ ਜਾ ਸਕਦਾ ਹੈ।

(ਸ) ਕਮਰ ਦਾ ਨਾਪ ਖੁੱਲ੍ਹਾ ਜਾਂ ਤੰਗ ਕਰਨਾ:-ਕਈ ਵਿਅਕਤੀਆਂ ਦੀ ਕਮਰ ਜ਼ਰੂਰਤ ਤੋਂ ਵੱਧ ਜਾਂ ਘੱਟ ਹੁੰਦੀ ਹੈ ਜਿਸ ਕਰਕੇ ਅਸੀਂ ਜ਼ਰੂਰਤ ਅਨੁਸਾਰ ਡ੍ਰਾਫਟਿੰਗ ਦੇ ਇੱਕ ਪਾਸੇ ਨਾਪ ਵਧਾ ਜਾਂ ਘਟਾ ਕੇ ਕਮਰ ਨੂੰ ਫਿਟਿੰਗ ਦੇ ਸਕਦੇ ਹਾਂ।

(ਹ) ਛਾਤੀ ਦਾ ਨਾਪ ਖੁੱਲ੍ਹਾ ਜਾਂ ਤੰਗ ਕਰਨਾ:-ਛਾਤੀ ਦੇ ਨਾਪ ਨੂੰ ਠੀਕ ਕਰਨ ਲਈ ਮੋਢੇ ਦੇ ਮੱਧ ਤੋਂ ਬਾਂਹ ਦੀ ਕਾਟ ਤੱਕ ਕੱਟ ਲਗਾਓ ਅਤੇ ਇਸ ਵਿੱਚ ਜ਼ਰੂਰਤ ਅਨੁਸਾਰ ਨਾਪ ਜੋੜਿਆ ਜਾ ਘਟਾਇਆ ਜਾ ਸਕਦਾ ਹੈ।

## ਪਾਠ-8 (ਖੁੱਲ੍ਹੀ ਪੱਟੀ ਬਣਾਉਣਾ ਤੇ ਬੰਦ ਕਰਨਾ)

## ਵਸਤੂਨਿਸ਼ਠ ਪ੍ਰਸ਼ਨ

### ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ:-1 ਪੁਸ਼ਾਕਾਂ ਵਿੱਚ ਖੁੱਲ੍ਹੀ ਪੱਟੀ ਕਿਉਂ ਬਣਾਈ ਜਾਂਦੀ ਹੈ?

ਉੱਤਰ:- ਖੁੱਲ੍ਹੀ ਪੱਟੀ ਵਸਤਰਾਂ ਨੂੰ ਆਸਾਨੀ ਨਾਲ ਪਾਉਣ ਅਤੇ ਸਜਾਵਟ ਲਈ ਬਣਾਈ ਜਾਂਦੀ ਹੈ।

**ਪ੍ਰਸ਼ਨ:-2 ਆਦਮੀਆਂ ਅਤੇ ਔਰਤਾਂ ਦੀਆਂ ਪੁਸ਼ਾਕਾਂ ਦੀ ਖੁੱਲ੍ਹੀ ਪੱਟੀ ਵਿੱਚ ਕੀ ਅੰਤਰ ਹੁੰਦਾ ਹੈ।**

ਉੱਤਰ:- ਆਦਮੀਆਂ ਦੀ ਪੁਸ਼ਾਕ ਵਿੱਚ ਖੱਬੀ ਪੱਟੀ ਉੱਪਰ ਹੁੰਦੀ ਹੈ ਅਤੇ ਔਰਤਾਂ ਦੀ ਸੱਜੀ ਪੱਟੀ ਉੱਪਰ ਹੁੰਦੀ ਹੈ।

**ਪ੍ਰਸ਼ਨ-3 ਖੁੱਲ੍ਹੀ ਪੱਟੀ ਕਿਹੜੇ-ਕਿਹੜੇ ਤਰੀਕਿਆਂ ਨਾਲ ਬਣਾਈ ਜਾ ਸਕਦੀ ਹੈ?**

ਉੱਤਰ:- ਖੁੱਲ੍ਹੀ ਪੱਟੀ ਕੰਧੇ ਤੇ, ਸਾਹਮਣੇ ਜਾਂ ਪਿੱਛਲੇ ਪਾਸੇ ਜਾਂ ਸਾਈਡ ਤੇ ਬਣਾਈ ਜਾ ਸਕਦੀ ਹੈ।

**ਪ੍ਰਸ਼ਨ:-4 ਸ਼ੇਪ ਵਾਲੀ ਪੱਟੀ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਇਹ ਪੱਟੀ ਗਲੇ ਨੂੰ ਸੇਧ ਦੇਣ ਲਈ ਲਗਾਈ ਜਾਂਦੀ ਹੈ ਜਿਵੇਂ:- ਗੋਲ ਗਲਾ, ਚੋਰਸ ਗਲਾ, ਵੀ ਸੇਪ ਗਲਾ।

**ਖਾਲੀ ਥਾਂਵਾ ਭਰੋ**

1. ਪੁਸ਼ਾਕਾਂ ਵਿੱਚ **<u>ਖੁੱਲ੍ਹੀ ਪੱਟੀ</u>** ਰੱਖਣ ਨਾਲ ਪਹਿਨਣਾ ਜਾਂ ਉਤਾਰਨਾ ਆਸਾਨ ਹੋ ਜਾਂਦਾ ਹੈ।
2. ਪੁਸ਼ਾਕ ਦੀ **<u>ਸਜਾਵਟ</u>** ਵਧਾਉਣ ਲਈ ਵੀ ਖੁੱਲ੍ਹੀ ਪੱਟੀ ਲਗਾਈ ਜਾਂਦੀ ਹੈ
3. ਸਿਊਣਾਂ ਹਮੇਸ਼ਾ **<u>ਪੱਕੀਆਂ</u>** ਲਗਾਉਣੀਆਂ ਚਾਹੀਦੀਆਂ ਹਨ।
4. ਖੁੱਲ੍ਹੀ ਪੱਟੀ ਕਈ **<u>ਤਰੀਕਿਆਂ</u>** ਨਾਲ ਬਣਾਈ ਜਾਂਦੀ ਹੈ।

**ਠੀਕ/ਗਲਤ ਦੱਸੋ**

1. ਖੁੱਲ੍ਹੀ ਪੱਟੀ ਪੁਸ਼ਾਕਾਂ ਦੇ ਅੱਗੇ, ਪਿੱਛੇ, ਜਾਂ ਪਾਸਿਆਂ ਤੇ ਰੱਖੀ ਜਾਂਦੀ ਹੈ। (✓)
2. ਛੋਟੇ ਬੱਚਿਆਂ, ਲੜਕੀਆਂ ਤੇ ਔਰਤਾਂ ਦੀਆਂ ਪੁਸ਼ਾਕਾਂ ਵਿੱਚ ਸੱਜੇ ਪਾਸੇ ਵਾਲੀ ਪੱਟੀ ਥੱਲੇ ਰੱਖੀ ਜਾਂਦੀ ਹੈ। (✕)
3. ਉਰੇਬ ਪੱਟੀ ਤਿਰਛੀ ਜਾਂ ਗੋਲ ਜਗ੍ਹਾਂ ਤੇ ਲਗਾਈ ਜਾਂਦੀ ਹੈ। (✓)
4. ਟਿੱਚ ਬਟਨ ਅਤੇ ਹੁੱਕਾਂ ਬਾਹਰੋਂ ਦਿਖਾਈ ਦਿੰਦੇ ਹਨ। (✕)

ਬਹੁ ਚੋਣਵੇਂ ਪ੍ਰਸ਼ਨ

1. ਬੁਸ਼ਰਟਾਂ ਵਿੱਚ ਖੁੱਲ੍ਹੀ ਪੱਟੀ ਅੱਗੇ ਰੱਖੀ ਜਾਂਦੀ ਹੈ।

ਉੱਤਰ:- 1. **ਅੱਗੇ (✓)** 2. ਪਿੱਛੇ 3. ਸਾਈਡ 4. ਮੋਢੇ ਤੇ

2. ਉੱਪਰ ਵਾਲੀ ਪੱਟੀ ਨਾਲ ਹੇਠਾਂ ਵਾਲੀ ਪੱਟੀ ਚੰਗੀ ਤਰ੍ਹਾਂ **ਢੱਕੀ** ਹੋਣੀ ਚਾਹੀਦੀ ਹੈ।

ਉੱਤਰ:- 1. ਪੱਕੀ 2. ਦਿੱਸਦੀ 3 ਚਿਪਕੀ 4. **ਢੱਕੀ (✓)**

3. ਸਿੱਧੀ ਪੱਟੀ ਕਈ ਵਾਰ ਪੁਸ਼ਾਕ ਦੇ ਹਿੱਸੇ ਦੀ **ਲੰਬਾਈ ਜਾਂ ਚੌੜਾਈ** ਵਧਾਉਣ ਲਈ ਵਰਤੀ ਜਾਂਦੀ ਹੈ।

ਉੱਤਰ:- 1. ਕਟਾਈ 2. ਸਿਲਾਈ 3. **ਲੰਬਾਈ ਜਾਂ ਚੌੜਾਈ (✓)** 4. ਸਜਾਵਟ

4. ਉਰੇਬ ਪੱਟੀ ਸਿੱਧੀ ਜਗ੍ਹਾ ਅਤੇ ਉਸ ਜਗ੍ਹਾ ਤੇ ਲਗਾਈ ਜਾਂਦੀ ਹੈ ਜਿਹੜੀ **ਗੋਲ ਜਾਂ ਤਿਰਛੀ** ਹੋਵੇ।

ਉੱਤਰ:- 1. ਖਰਾਬ 2. ਸਿੱਧੀ 3. ਚੌੜੀ 4. **ਗੋਲ ਜਾਂ ਤਿਰਛੀ (✓)**

ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਪੁਸ਼ਾਕ ਤੇ ਖੁੱਲ੍ਹੀ ਪੱਟੀ ਬਣਾਉਣ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉੱਤਰ- 1. ਹੇਠਾਂ ਵਾਲੀ ਪੱਟੀ ਉੱਪਰ ਵਾਲੀ ਪੱਟੀ ਨਾਲ ਚੰਗੀ ਤਰ੍ਹਾਂ ਢੱਕੀ ਹੋਵੇ।

2 ਪੱਟੀ ਵਿੱਚ ਭੁੰਗ ਨਹੀਂ ਪੈਣੇ ਚਾਹੀਦੇ।

3. ਚੰਗੀ ਤਰ੍ਹਾਂ ਪੱਕੀ ਸਿਲਾਈ ਮਾਰਕੇ ਪੱਟੀ ਲਾਉਣੀ ਚਾਹੀਦੀ ਹੈ।

4. ਪੁਸ਼ਾਕ ਦੇ ਨਾਲ ਮਿਲਦੇ ਕੱਪੜੇ ਦੀ ਹੀ ਪੱਟੀ ਲਾਉਣੀ ਚਾਹੀਦੀ ਹੈ।

5. ਪੁਸ਼ਾਕ ਦੀ ਕਿਸਮ ਅਨੁਸਾਰ ਹੀ ਪੱਟੀ ਦੀ ਚੋਣ ਕਰਨੀ ਚਾਹੀਦੀ ਹੈ।

**ਪ੍ਰਸ਼ਨ:-2 ਦੋ ਟਾਕੀਆਂ ਵਾਲੀ ਖੁੱਲ੍ਹੀ ਪੱਟੀ ਕਿੱਥੇ ਲਗਾਈ ਜਾਂਦੀ ਹੈ?**

ਉੱਤਰ- ਦੋ ਟਾਕੀਆਂ ਵਾਲੀ ਖੁੱਲ੍ਹੀ ਪੱਟੀ ਬੱਚਿਆਂ ਦੇ ਵਸਤਰ ਜਿਵੇਂ ਫਰਾਕਾਂ, ਬੁਸ਼ਰਟਾਂ ਅਤੇ ਲੇਡੀਜ਼ ਬਲਾਊਜ਼ ਜਾਂ ਲੇਡੀਜ਼ ਕਮੀਜ਼ ਤੇ ਵੀ ਰੱਖੀ ਜਾਂਦੀ ਹੈ। ਇਸ ਤੋਂ ਇਲਾਵਾ ਪੁਰਸ਼ਾਂ ਦੇ ਵਸਤਰ ਜਿਵੇਂ ਕੁੜਤਾ, ਬੁਸ਼ਰਟ ਤੇ ਵੀ ਦੋ ਟਾਕੀਆਂ ਵਾਲੀ ਖੁੱਲ੍ਹੀ ਪੱਟੀ ਲਗਾਈ ਜਾਂਦੀ ਹੈ।

ਪ੍ਰਸ਼ਨ:-3 **ਵੈਲਕਰੋ ਟੇਪ ਤੋਂ ਤੁਸੀ ਕੀ ਸਮਝਦੇ ਹੋ? ਇਹ ਕਿੱਥੇ ਲਗਾਈ ਜਾਂਦੀ ਹੈ?**

ਉੱਤਰ- ਵੈਲਕਰੋ ਟੇਪ ਵੀ ਖੁੱਲ੍ਹੀ ਪੱਟੀ ਨੂੰ ਬੰਦ ਕਰਨ ਦਾ ਇੱਕ ਤਰੀਕਾ ਹੈ। ਇਸ ਵਿੱਚ ਉਪਰਲੀ ਪੱਟੀ ਦੇ ਹੇਠਲੇ ਪਾਸੇ ਅਤੇ ਪੱਟੀ ਦੇ ਉਪਰਲੇ ਪਾਸੇ ਲਾਉਣ ਲਈ ਵੈਲਕਰੋ ਟੇਪ ਦੇ ਅਲੱਗ-ਅਲੱਗ ਹਿੱਸੇ ਹੁੰਦੇ ਹਨ। ਇਸ ਨੂੰ ਖਿੱਚ ਕੇ ਖੋਲਿਆ ਜਾਂਦਾ ਹੈ ਅਤੇ ਦਬਾਕੇ ਬੰਦ ਕਰ ਦਿੱਤਾ ਜਾਂਦਾ ਹੈ।

ਪ੍ਰਸ਼ਨ:-4 **ਜਿੱਪ ਕਿੱਥੇ ਅਤੇ ਕਿਉਂ ਲਗਾਈ ਜਾਦੀ ਹੈ?**

ਉੱਤਰ- ਜਿੱਪ ਜੈਕਟਾਂ ਦੇ ਅੱਗੇ ਪੈਂਟਾਂ ਅਤੇ ਨਿੱਕਰਾਂ ਦੇ ਅੱਗੇ ਖੁੱਲਣ ਵਾਲੀ ਜਗ੍ਹਾਂ, ਜੇਬਾਂ, ਬੈਗਾਂ ਆਦਿ ਹੋਰ ਅਨੇਕਾਂ ਥਾਵਾਂ ਤੇ ਲਗਾਈ ਜਾਂਦੀ ਹੈ। ਅੱਜਕਲ ਇਹ ਸਜਾਵਟ ਲਈ ਵੀ ਲੇਡੀਜ਼ ਕਮੀਜ਼ਾਂ ਤੇ ਲਗਾਈ ਜਾਂਦੀ ਹੈ ਅਤੇ ਇਸ ਦਾ ਪ੍ਰਯੋਗ ਖੁੱਲ੍ਹੀ ਪੱਟੀ ਨੂੰ ਬੰਦ ਕਰਨ ਲਈ ਕੀਤਾ ਜਾਂਦਾ ਹੈ।

ਪ੍ਰਸ਼ਨ:-5 **ਪੁਸ਼ਾਕ ਤੇ ਖੁੱਲ੍ਹੀ ਪੱਟੀ ਬਣਾਉਂਦੇ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉੱਤਰ- ਪੁਸ਼ਾਕ ਤੇ ਖੁੱਲ੍ਹੀ ਪੱਟੀ ਬਣਾਉਂਦੇ ਸਮੇਂ ਸਭ ਤੋਂ ਪਹਿਲਾਂ ਇਹ ਧਿਆਨ ਰੱਖਣਾ ਹੈ ਕਿ ਹੇਠਾਂ ਦੀ ਪੱਟੀ ਉੱਪਰ ਵਾਲੀ ਪੱਟੀ ਨਾਲ ਚੰਗੀ ਤਰ੍ਹਾਂ ਢੱਕੀ ਹੋਵੇ। ਪੱਟੀ ਵਿੱਚ ਝੁੰਗ ਨਹੀਂ ਪੈਣੇ ਚਾਹੀਦੇ। ਪੱਟੀ ਲਾਉਂਦੇ ਸਮੇਂ ਸਿਲਾਈਆਂ ਪੱਕੀਆਂ ਲਾਉਂਣੀਆਂ ਚਾਹੀਦੀਆਂ ਹਨ ਤਾਂ ਕਿ ਸਿਲਾਈ ਉਧੜੇ ਨਾ। ਜਿੱਥੋਂ ਤੱਕ ਹੋ ਸਕੇ ਪੁਸ਼ਾਕ ਦੇ ਨਾਲ ਮਿਲਦੇ ਕੱਪੜੇ ਦੀ ਪੱਟੀ ਹੀ ਲਾਉਣੀ ਚਾਹੀਦੀ ਹੈ।

ਪ੍ਰਸ਼ਨ:-6 **ਟਿੱਚ ਬਟਨ ਲਾਉਂਦੇ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉੱਤਰ- ਟਿੱਚ ਬਟਨ ਹਮੇਸ਼ਾ ਦੂਹਰੇ ਕੱਪੜੇ ਤੇ ਹੀ ਲਾਉਣੇ ਚਾਹੀਦੇ ਹਨ। ਇਨ੍ਹਾਂ ਨੂੰ ਲਾਉਣ ਵੇਲੇ ਕਾਜ ਟਾਂਕੇ ਨਾਲ ਲਾਉਣਾ ਚਾਹੀਦਾ ਹੈ ਅਤੇ ਟਾਂਕੇ ਛੇਕ ਦੇ ਨਾਲ ਲਾਉਣੇ ਚਾਹੀਦੇ ਹਨ। ਕੱਪੜੇ ਨੂੰ ਖਿੱਚਣਾ ਨਹੀਂ ਚਾਹੀਦਾ। ਟਿੱਚ ਬਟਨ ਲਾਉਂਦੇ ਸਮੇਂ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਟਾਂਕੇ ਪੁਸ਼ਾਕ ਦੇ ਸਿੱਧੇ ਪਾਸੇ ਬਿਲਕੁੱਲ ਦਿਖਾਈ ਨਾ ਦੇਣ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ-7 ਖੁੱਲ੍ਹੀ ਪੱਟੀ ਕਿੱਥੇ ਅਤੇ ਕਿਉਂ ਬਣਾਈ ਜਾਂਦੀ ਹੈ ਅਤੇ ਬਣਾਉਣ ਦੇ ਤਰੀਕੇ ਕਿਹੜੇ-ਕਿਹੜੇ ਹਨ?**

ਉੱਤਰ- ਪੁਸ਼ਾਕਾਂ ਵਿੱਚ ਖੁੱਲ੍ਹੀ ਪੱਟੀ ਰੱਖਣ ਨਾਲ ਉਨ੍ਹਾਂ ਨੂੰ ਪਹਿਨਣਾ ਜਾਂ ਉਤਾਰਨਾ ਸੋਖਾ ਹੋ ਜਾਂਦਾ ਹੈ ਪਰ ਕਈ ਵਾਰੀ ਪੁਸ਼ਾਕ ਦੀ ਸੁੰਦਰਤਾ ਨੂੰ ਵਧਾਉਣ ਲਈ ਵੀ ਖੁੱਲ੍ਹੀ ਪੱਟੀ ਲਗਾਈ ਜਾਂਦੀ ਹੈ। ਇਹ ਪੁਸ਼ਾਕਾਂ ਦੇ ਅੱਗੇ, ਪਿੱਛੇ ਜਾਂ ਪਾਸਿਆਂ ਤੇ ਰੱਖੀ ਜਾਂਦੀ ਹੈ। ਜਿਵੇਂ-ਬੁਸ਼ਰਟਾਂ ਵਿੱਚ ਅੱਗੇ, ਫ਼ਰਾਕ ਵਿੱਚ ਪਿੱਛੇ ਅਤੇ ਸਕੱਰਟਾਂ ਵਿੱਚ ਸਾਈਡ ਤੇ ਰੱਖੀ ਜਾਂਦੀ ਹੈ। ਛੋਟੇ ਬੱਚੇ ਲੜਕੀਆਂ ਅਤੇ ਔਰਤਾਂ ਦੀਆਂ ਪੁਸ਼ਾਕਾਂ ਵਿੱਚ ਸੱਜੀ ਪੱਟੀ ਉੱਪਰ ਰੱਖੀ ਜਾਂਦੀ ਹੈ। ਇਸ ਦੇ ਉਲਟ ਲੜਕਿਆਂ ਅਤੇ ਆਦਮੀਆਂ ਦੇ ਵਸਤਰਾਂ ਤੇ ਖੁੱਲ੍ਹੀ ਪੱਟੀ ਉੱਪਰ ਰੱਖੀ ਜਾਂਦੀ ਹੈ। ਖੁੱਲ੍ਹੀ ਪੱਟੀ ਕਿਹੋ ਜਿਹੀ ਬਣਾਉਣੀ ਹੈ, ਦੀ ਚੋਣ ਪੁਸ਼ਾਕ ਤੇ ਨਿਰਭਰ ਕਰਦੀ ਹੈ। ਇਸ ਲਈ ਪੁਸ਼ਾਕ ਦੀ ਕਿਸਮ ਅਨੁਸਾਰ ਹੀ ਪੱਟੀ ਦੀ ਚੋਣ ਕਰਨੀ ਚਾਹੀਦੀ ਹੈ। ਖੁੱਲ੍ਹੀ ਪੱਟੀ ਹੇਠ ਲਿਖੇ ਤਰੀਕਿਆਂ ਨਾਲ ਬਣਾਈ ਜਾਂਦੀ ਹੈ:-

1. ਸਧਾਰਨ ਖੁੱਲ੍ਹੀ ਪੱਟੀ
2. ਇੱਕ ਟਾਕੀ ਵਾਲੀ ਪੱਟੀ
3. ਦੋ ਟਾਕੀਆਂ ਵਾਲੀ ਪੱਟੀ

**ਪ੍ਰਸ਼ਨ-8 ਖੁੱਲ੍ਹੀ ਪੱਟੀ ਨੂੰ ਕਿਹੜੇ-ਕਿਹੜੇ ਤਰੀਕਿਆਂ ਨਾਲ ਬੰਦ ਕੀਤਾ ਜਾ ਸਕਦਾ ਹੈ? ਵਿਸਥਾਰ ਨਾਲ ਦੱਸੋ।**

ਉੱਤਰ- ਖੁੱਲ੍ਹੀ ਪੱਟੀ ਨੂੰ ਅਸੀਂ 6 ਤਰੀਕਿਆਂ ਨਾਲ ਬੰਦ ਕਰ ਸਕਦੇ ਹਾਂ:-

1. ਟਿੱਚ ਬਟਨ- ਟਿੱਚ ਬਟਨ ਦੇ ਦੋ ਹਿੱਸੇ ਹੁੰਦੇ ਹਨ, ਥੱਲਵਾਂ ਅਤੇ ਉੱਪਰਲਾ, ਥੱਲਵਾਂ ਹਿੱਸੇ ਦੇ ਵਿਚਕਾਰ ਮੋਰੀ ਬਣੀ ਹੁੰਦੀ ਹੈ ਅਤੇ ਉੱਪਰਲੇ ਹਿੱਸੇ ਵਿੱਚ ਵੱਧਵਾਂ ਹਿੱਸਾ ਇਸ ਵਿੱਚ ਫਿੱਟ ਹੋ ਜਾਂਦਾ ਹੈ।

2. ਸਿੱਪ ਬਟਨ ਤੇ ਕਾਜ- ਇਹ ਬਟਨ ਕੱਪੜੇ ਦੇ ਥੱਲੇ ਬਣੀ ਪੱਟੀ ਤੇ ਲਗਦੇ ਹਨ ਅਤੇ ਉੱਪਰਲੀ ਪੱਟੀ ਵਿੱਚ ਕਾਜ ਬਣਾਇਆ ਜਾਂਦਾ ਹੈ ਜਿਸ ਨਾਲ ਇਨ੍ਹਾਂ ਨੂੰ ਕਾਜ ਵਿੱਚੋਂ ਕੱਢ ਕੇ ਪੱਟੀ ਬੰਦ ਕਰ ਦਿੱਤੀ ਜਾਂਦੀ ਹੈ।

3. ਹੁੱਕ ਅਤੇ ਆਈ-ਉੱਪਰ ਵਾਲੀ ਪੱਟੀ ਦੇ ਪੁੱਠੇ ਪਾਸੇ ਹੁੱਕ ਅਤੇ ਥੱਲੇ ਵਾਲੀ ਪੱਟੀ ਦੇ ਸਿੱਧੇ ਪਾਸੇ ਆਈ ਇਸ ਤਰ੍ਹਾਂ ਲਗਾਈ ਜਾਂਦੀ ਹੈ ਕਿ ਉਹ ਇੱਕ ਦੂਜੇ ਵਿੱਚ ਫਿੱਟ ਆ ਜਾਣ। ਇਨ੍ਹਾਂ ਨੂੰ ਇਸ ਤਰ੍ਹਾਂ ਲਾਉਣਾ ਚਾਹੀਦਾ ਹੈ ਕਿ ਸਿੱਧੇ ਪਾਸੇ ਕੋਈ ਵੀ ਟਾਂਕਾ ਨਾ ਦਿੱਸੇ।

4. ਫੈਂਸੀ ਬਟਨ- ਆਮ ਤੌਰ ਤੇ ਫੈਂਸੀ ਬਟਨ ਨੂੰ ਲਾਉਣ ਲਈ ਛੇਦ ਹੇਠਲੇ ਪਾਸੇ ਹੁੰਦਾ ਹੈ। ਇਨ੍ਹਾਂ ਨੂੰ ਆਮ ਤੌਰ ਤੇ ਸਜਾਵਟ ਲਈ ਵੀ ਲਗਾਇਆ ਜਾਂਦਾ ਹੈ।

5. ਜ਼ਿੱਪ ਲਾਉਣਾ- ਕਈ ਥਾਵਾਂ ਤੇ ਖੁੱਲ੍ਹੀ ਪੱਟੀ ਨੂੰ ਬੰਦ ਕਰਨ ਲਈ ਜ਼ਿੱਪ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਇਹ ਜੈਕਟਾਂ, ਪੈਂਟਾਂ, ਨਿੱਕਰਾਂ, ਜੇਬਾਂ ਅਤੇ ਬੈਗਾਂ ਤੇ ਲਗਾਈ ਜਾਂਦੀ ਹੈ।

6. ਵੈਲਕਰੋਟੇਪ- ਵੈਲਕਰੋਟੇਪ ਦੇ ਦੋ ਅਲੱਗ-ਅਲੱਗ ਹਿੱਸੇ ਹੁੰਦੇ ਹਨ। ਇੱਕ ਪਾਸੇ ਹੁੱਕਾਂ ਬਣੀਆਂ ਹੁੰਦੀਆਂ ਹਨ ਦੂਜੇ ਪਾਸੇ ਆਈਆਂ ਜਿਹੀਆਂ ਬਣੀਆਂ ਹੁੰਦੀਆਂ ਹਨ ਜੋ ਕਿ ਇੱਕ ਦੂਜੇ ਵਿੱਚ ਫਸ ਕੇ ਬੰਦ ਹੋ ਜਾਂਦੀਆਂ ਹਨ।

## ਪਾਠ -9 (ਪੁਸ਼ਾਕ ਨੂੰ ਖੁੱਲ੍ਹਾ ਕਰਨ ਦੇ ਤਰੀਕੇ)

## ਵਸਤੂਨਿਸ਼ਠ ਪ੍ਰਸ਼ਨ

**ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ**

**ਪ੍ਰਸ਼ਨ:-1 ਪੁਸ਼ਾਕਾਂ ਨੂੰ ਖੁੱਲ੍ਹਾ ਕਰਨ ਦੇ ਕਿਸੇ ਚਾਰ ਤਰੀਕਿਆਂ ਦੇ ਨਾਮ ਦੱਸੋ?**

ਉੱਤਰ:- 1. ਡਾਟ 2. ਪਲੀਟ 3. ਟਕਸ 4. ਚੋਣਾਂ

**ਪ੍ਰਸ਼ਨ:-2 ਡਾਟ ਪੁਸ਼ਾਕ ਵਿੱਚ ਕਿੱਥੇ-ਕਿੱਥੇ ਪਾਏ ਜਾਂਦੇ ਹਨ।**

ਉੱਤਰ:- ਡਾਟ ਔਰਤਾਂ ਦੇ ਬਲਾਊਜ਼, ਪੁਰਸ਼ਾਂ ਦੀਆਂ ਪੈਂਟਾਂ ਦੀ ਕਮਰ ਤੇ ਅਤੇ ਬੱਚਿਆਂ ਦੀਆਂ ਪੁਸ਼ਾਕਾਂ ਵਿੱਚ ਪਾਏ ਜਾਂਦੇ ਹਨ।

**ਪ੍ਰਸ਼ਨ:-3 ਟਕਸ ਪੁਸ਼ਾਕ ਵਿੱਚ ਕਿਉਂ ਪਾਏ ਜਾਂਦੇ ਹਨ?**

ਉੱਤਰ:- ਟਕਸ ਪੁਸ਼ਾਕਾਂ ਨੂੰ ਸਜਾਉਂਣ, ਖੁੱਲ੍ਹੇਪਣ ਅਤੇ ਵਾਧੇ ਅਤੇ ਸੁੰਗੜਨ ਦਾ ਹੱਕ ਰੱਖਣ ਲਈ ਪਾਏ ਜਾਂਦੇ ਹਨ।

ਪ੍ਰਸ਼ਨ:-4 ਸਮੋਕਿੰਗ ਦੇ ਦੋ ਟਾਂਕਿਆਂ ਦੇ ਨਾਮ ਲਿਖੋ?

ਉੱਤਰ:- ਟ੍ਰੈਲਿਸ ਸਟਿੱਚ, ਕੇਬਲ ਸਟਿੱਚ

**ਖਾਲੀ ਥਾਂਵਾ ਭਰੋ**

1. ਪਲੀਟਾਂ ਦੀ ਲੰਬਾਈ ਕੱਪੜੇ ਦੇ ਤਾਣੇ ਵੱਲ ਹੋਣੀ ਚਾਹੀਦੀ ਹੈ।

2. ਬਾਕਸ ਪਲੀਟ ਦੇ ਪੁੱਠੇ ਪਾਸੇ ਨੂੰ **ਪੁੱਠਾ ਬਾਕਸ ਪਲੀਟ** ਆਖਦੇ ਹਨ।

3. ਸਜਾਵਟ ਵਾਲੇ ਟਕਸ ਨੂੰ **ਪਿੰਨ ਟਕਸ** ਕਿਹਾ ਜਾਂਦਾ ਹੈ।

4. ਸਮੋਕਿੰਗ **ਸਜਾਵਟ** ਵਾਲਾ ਕੰਮ ਹੈ ਜੋ ਆਪਣੀ **ਸੁੰਦਰਤਾ** ਕਰਕੇ ਮਸ਼ਹੂਰ ਹੈ।

**ਠੀਕ/ਗਲਤ ਦੱਸੋ**

1. ਮਨੁੱਖ ਦੇ ਸਰੀਰ ਦੀ ਬਣਤਰ ਸਭ ਥਾਂਵਾ ਤੋਂ ਇੱਕੋ ਜਿਹੀ ਹੁੰਦੀ ਹੈ। (✗)

2. ਮੋਟੇ ਕੱਪੜੇ ਉੱਤੇ ਪਲੀਟ ਆਸਾਨੀ ਨਾਲ ਪੈਂਦੇ ਹਨ। (✓)

3. ਸਜਾਵਟ ਵਾਲੇ ਟਕਸ ਨੂੰ ਪਿੰਨ ਟਕਸ ਕਿਹਾ ਜਾਂਦਾ ਹੈ। (✓)

4. ਸਮੋਕਿੰਗ ਕਰਨ ਨਾਲ ਪੁਸ਼ਾਕ ਵਿੱਚ ਖੁੱਲ੍ਹਾਪਣ ਅਤੇ ਲਚਕ ਆਉਂਦੀ ਹੈ। (✓)

**ਬਹੁ ਚੋਣਵੇਂ ਪ੍ਰਸ਼ਨ**

1. ਜਦੋਂ ਸਾਰੇ ਪਲੀਟਾਂ ਦੇ ਮੂੰਹ ਇੱਕ ਪਾਸੇ ਹੋਣ ਤਾਂ ਉਨ੍ਹਾਂ ਨੂੰ **ਨਾਈਫ਼ ਪਲੀਟ** ਕਹਿੰਦੇ ਹਨ।

ਉੱਤਰ:- 1. ਸਾਦੇ ਪਲੀਟ 2. ਮਸ਼ੀਨੀ ਪਲੀਟ 3. **ਨਾਈਫ਼ ਪਲੀਟ** (✓)
4. ਬਾਕਸ ਪਲੀਟ

2. ਡਾਟ ਜ਼ਨਾਨਾ ਕਮੀਜ਼ ਬਲਾਊਜ਼ ਅਤੇ ਸਕੱਰਟ ਵਿੱਚ ਪੁਸ਼ਾਕ ਨੂੰ ਕਮਰ ਤੋਂ ਤੰਗ ਬਣਾਉਣ ਲਈ ਵੀ ਪਾਏ ਜਾਂਦੇ ਹਨ।

ਉੱਤਰ:- 1. **ਤੰਗ** (✓) 2. ਖੁੱਲ੍ਹਾ 3. ਸੋਹਣਾ

3. ਚੋਣਾਂ ਆਮ ਕਰਕੇ ਜ਼ਿਆਦਾ ਚੌੜਾਈ ਨੂੰ **ਘੱਟ ਚੌੜਾਈ** ਕਰਨ ਲਈ ਪਾਈਆਂ ਜਾਂਦੀਆਂ ਹਨ।

ਉੱਤਰ- 1. ਹੋਰ ਜ਼ਿਆਦਾ 2. ਖਤਮ ਕਰਨ ਲਈ 3. ਸੁੰਦਰ ਕਰਨ
4. **ਘੱਟ ਚੌੜਾਈ (✓)**

4. ਚੋਣਾਂ ਦੋ ਤਰ੍ਹਾਂ ਨਾਲ ਪਾਈਆਂ ਜਾਂਦੀਆਂ ਹਨ।

ਉੱਤਰ:- 1. ਦੋ (✓) 2. ਤਿੰਨ 3. ਚਾਰ 4. ਅੱਠ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਪਲੀਟਾਂ ਪੁਸ਼ਾਕ ਵਿੱਚ ਕਿਵੇਂ ਪਾਈਆਂ ਜਾਂਦੀਆਂ ਹਨ?**

ਉੱਤਰ- ਪੁਸ਼ਾਕ ਵਿੱਚ ਪਲੀਟ ਪਾਉਣ ਤੋਂ ਪਹਿਲਾਂ ਪਲੀਟ ਦੀ ਚੌੜਾਈ ਫਿਰ ਪਲੀਟਾਂ ਦੀ ਗਿਣਤੀ ਕਰਕੇ ਕੱਪੜੇ ਅਤੇ ਪਲੀਟਾਂ ਦੀ ਗਿਣਤੀ ਅਨੁਸਾਰ ਵੰਡ ਕੀਤੀ ਜਾਂਦੀ ਹੈ। ਫਿਰ ਦੋ ਪਲੀਟਾਂ ਵਿਚਕਾਰ ਫ਼ਾਸਲਾ ਅਤੇ ਸਾਈਡਾਂ ਤੋਂ ਖਾਲੀ ਜਗ੍ਹਾ ਬੱਚ ਜਾਂਦੀ ਹੈ। ਇਹ ਵੰਡ ਟੱਕ ਲਗਾ ਕੇ ਜਾਂ ਟੇਲਰਿੰਗ ਚਾਕ ਨਾਲ ਨਿਸ਼ਾਨ ਲਗਾ ਕੇ ਕੀਤੀ ਜਾਂਦੀ ਹੈ।

**ਪ੍ਰਸ਼ਨ:-2 ਟਕਸ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਪੁਸ਼ਾਕ ਵਿੱਚ ਕਿਉਂ ਪਾਏ ਜਾਂਦੇ ਹਨ?**

ਉੱਤਰ- ਇਹ ਵੀ ਬਰੀਕ-ਬਰੀਕ ਪਲੀਟ ਹੀ ਹੁੰਦੇ ਹਨ। ਇਹ ਲੰਬਾਈ ਦੇ ਰੁਖ ਕੱਪੜੇ ਦੇ ਤਾਣੇ ਵੱਲੋਂ ਪਾਏ ਜਾਂਦੇ ਹਨ। ਪਰ ਡਿਜ਼ਾਈਨ ਪਾਉਣ ਲਈ ਇਹ ਚੌੜੇ, ਤਿਰਛੇ ਅਤੇ ਡੱਬੀਦਾਰ ਵੀ ਪਾਏ ਜਾਂਦੇ ਹਨ। ਟਕਸ ਪਾਉਣ ਨਾਲ ਵਸਤਰਾਂ ਦੀ ਸੁੰਦਰਤਾ ਵੱਧ ਜਾਂਦੀ ਹੈ। ਬੱਚਿਆਂ ਦੇ ਵਸਤਰਾਂ ਵਿੱਚ ਇਹ ਗੁੰਜਾਇਸ਼ ਰੱਖਣ ਦੇ ਕੰਮ ਵੀ ਆਉਂਦੇ ਹਨ।

**ਪ੍ਰਸ਼ਨ:-3 ਚੋਣਾਂ ਪੁਸ਼ਾਕ ਵਿੱਚ ਕਿਉਂ ਪਾਈਆਂ ਜਾਂਦੀਆਂ ਹਨ ਅਤੇ ਪਾਉਣ ਦੇ ਤਰੀਕੇ ਬਾਰੇ ਦੱਸੋ।**

ਉੱਤਰ- ਚੋਣਾਂ ਵਸਤਰਾਂ ਦੀ ਸਜਾਵਟ ਲਈ ਵੀ ਪਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਵਸਤਰ ਦੇ ਆਕਾਰ ਨੂੰ ਠੀਕ ਸ਼ੇਪ ਦੇਣ ਲਈ ਖੁੱਲ੍ਹਾ ਜਾਂ ਤੰਗ ਕਰਨ ਲਈ ਅਤੇ ਠੀਕ ਫਿਟਿੰਗ ਦੇਣ ਲਈ ਵੀ ਵਰਤੀਆਂ ਜਾਂਦੀਆਂ ਹਨ। ਸਧਾਰਨ ਚੋਣਾਂ ਹੱਥ ਦੀ ਸੂਈ ਲੈ ਕੇ, ਧਾਗਾ ਪਾ ਕੇ ਇੱਕ ਪਾਸੇ ਗੰਢ ਮਾਰਕੇ ਚੋਣਾਂ

ਪਾਉਣ ਵਾਲੀ ਜਗਾਂ ਤੇ ਛੋਟਾ ਕੱਚਾ ਕਰ ਦਿਓ ਅਤੇ ਫਿਰ ਦੂਸਰੇ ਪਾਸਿਓਂ ਧਾਗਾ ਖਿੱਚ ਕੇ ਚੋਣਾਂ ਪਾਈਆਂ ਜਾਂਦੀਆਂ ਹਨ।

**ਪ੍ਰਸ਼ਨ:-4 ਸਮੋਕਿੰਗ ਤੋਂ ਕੀ ਭਾਵ ਹੈ ਅਤੇ ਕਿਸ ਉਦੇਸ਼ ਨਾਲ ਪੁਸ਼ਾਕਾਂ ਤੇ ਕੀਤੀ ਜਾਂਦੀ ਹੈ?**

ਉੱਤਰ- ਸਮੋਕਿੰਗ ਸਜਾਵਟ ਵਾਲਾ ਕੰਮ ਹੈ ਜੋ ਕਿ ਆਪਣੀ ਸੁੰਦਰਤਾ ਕਰਕੇ ਮਸ਼ਹੂਰ ਹੈ। ਇਸ ਨਾਲ ਬੱਚਿਆਂ ਦੀਆਂ ਪੁਸ਼ਾਕਾਂ, ਔਰਤਾਂ ਦੀਆਂ ਪੁਸ਼ਾਕਾਂ ਜਿਵੇਂ ਗਾਊਨ, ਨਾਈਟੀ ਤੇ ਟਾਪ ਨੂੰ ਸਜਾਇਆ ਜਾਂਦਾ ਹੈ। ਸਮੋਕਿੰਗ ਕਰਨ ਦੇ ਦੋ ਉਦੇਸ਼ ਹਨ:- 1. ਪੁਸ਼ਾਕ ਦੀ ਸੁੰਦਰਤਾ ਵਧਾਉਣਾ 2. ਪੁਸ਼ਾਕ ਵਿੱਚ ਖੁੱਲ੍ਹਾਪਣ ਲਿਆਉਣਾ।

**ਪ੍ਰਸ਼ਨ:-5 ਪਲੀਟਾਂ ਕਿੰਨੀ ਤਰ੍ਹਾਂ ਦੀਆਂ ਹੁੰਦੀਆਂ ਹਨ ਅਤੇ ਕਿਹੜੀਆਂ-ਕਿਹੜੀਆਂ?**

ਉੱਤਰ- ਪਲੀਟਾਂ ਵੀ ਕੱਪੜੇ ਦੀ ਠੀਕ ਬਣਤਰ ਦੇਣ ਲਈ ਪਾਈਆਂ ਜਾਂਦੀਆਂ ਹਨ। ਇਹ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ।

1. ਨਾਈਫ਼ ਪਲੀਟ (ਸਾਦੇ)
2. ਬਾਕਸ ਪਲੀਟ
3. ਇਨਵਰਟਡ ਪਲੀਟ (ਪੁੱਠਾ ਬਾਕਸ ਪਲੀਟ)

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ-1 ਪੁਸ਼ਾਕਾਂ ਨੂੰ ਖੁੱਲ੍ਹਾ ਕਰਨ ਦੀ ਕੀ ਜ਼ਰੂਰਤ ਹੈ ਪੁਸ਼ਾਕਾ ਨੂੰ ਖੁੱਲ੍ਹਾ ਕਰਨ ਦੇ ਕੀ-ਕੀ ਤਰੀਕੇ ਹਨ?**

ਉੱਤਰ- ਮਨੁੱਖ ਦੇ ਸਰੀਰ ਦੀ ਬਣਤਰ ਸਭ ਥਾਵਾਂ ਤੋਂ ਇੱਕੋ ਜਿਹੀ ਨਹੀਂ ਹੁੰਦੀ, ਕੋਈ ਭਾਗ ਘੱਟ ਚੌੜਾ ਹੁੰਦਾ ਹੈ ਅਤੇ ਕੋਈ ਵੱਧ ਹੁੰਦਾ ਹੈ। ਇਸ ਲਈ ਸਰੀਰ ਦੀ ਬਣਤਰ ਅਨੁਸਾਰ ਪੁਸ਼ਾਕ ਨੂੰ ਖੁੱਲ੍ਹਾ ਕਰਨ ਦੀ ਜ਼ਰੂਰਤ ਪੈਂਦੀ ਹੈ। ਲੋੜ ਅਨੁਸਾਰ ਸਾਨੂੰ ਡਾਟ, ਟਕਸ, ਪਲੀਟਾਂ, ਚੋਣਾਂ ਅਤੇ ਸਮੋਕਿੰਗ ਦੀ ਸਹਾਇਤਾ ਲੈਣੀ ਪੈਂਦੀ ਹੈ। ਬੱਚਿਆਂ ਦੇ ਕੱਪੜਿਆਂ ਵਿੱਚ ਉਨ੍ਹਾਂ ਦੇ ਵਾਧੇ ਦਾ ਧਿਆਨ ਰੱਖਦੇ ਹੋਏ ਪਲੀਟਾਂ ਪਾਈਆਂ ਜਾਂਦੀਆਂ ਹਨ ਤਾਂ ਕਿ ਜਦੋਂ ਬੱਚਾ ਵੱਡਾ ਹੋਵੇ ਤਾਂ ਇਨ੍ਹਾਂ ਨੂੰ ਖੋਲ ਕੇ ਪੁਸ਼ਾਕ ਨੂੰ ਵੱਡਾ ਕੀਤਾ ਜਾ ਸਕੇ। ਪੁਸ਼ਾਕ ਨੂੰ ਅਸੀਂ ਹੇਠ ਲਿਖੇ ਤਰੀਕਿਆਂ ਨਾਲ ਖੁੱਲ੍ਹਾ ਕਰ ਸਕਦੇ ਹਾਂ:-

1. ਡਾਟ ਪਾ ਕੇ

2. ਪਲੀਟਾਂ ਪਾ ਕੇ

3. ਟਕਸ ਪਾ ਕੇ

4. ਚੋਣਾਂ ਪਾ ਕੇ

5. ਸਮੋਕਿੰਗ ਕਰਕੇ

**ਪ੍ਰਸ਼ਨ-2 ਚੋਣਾਂ ਤੋਂ ਕੀ ਭਾਵ ਹੈ? ਇਹ ਕਿੰਨੀ ਤਰ੍ਹਾ ਦੀਆਂ ਹੁੰਦੀਆਂ ਹਨ?**

ਉੱਤਰ- ਚੋਣਾਂ ਵਸਤਰਾਂ ਦੀ ਸਜਾਵਟ ਦਾ ਇੱਕ ਸਾਧਨ ਹੋਣ ਨਾਲ-ਨਾਲ ਵਸਤਰ ਦੇ ਆਕਾਰ ਨੂੰ ਠੀਕ ਸ਼ੇਪ ਦੇਣ ਲਈ, ਖੁੱਲ੍ਹਾ ਜਾਂ ਤੰਗ ਕਰਨ ਲਈ, ਅਤੇ ਫਿਟਿੰਗ ਲਈ ਵੀ ਵਰਤੀਆਂ ਜਾਂਦੀਆਂ ਹਨ। ਖਾਸ ਕਰਕੇ ਚੋਣਾਂ ਜ਼ਿਆਦਾ ਚੌੜਾਈ ਨੂੰ ਘੱਟ ਚੌੜਾਈ ਕਰਨ ਲਈ ਪਾਈਆਂ ਜਾਂਦੀਆਂ ਹਨ। ਇਹ ਦੋ ਤਰ੍ਹਾਂ ਨਾਲ ਪਾਈਆਂ ਜਾਂਦੀਆਂ ਹਨ:-

1. **ਹੱਥ ਨਾਲ-** ਹੱਥ ਨਾਲ ਚੋਣਾਂ ਪਾਉਣ ਵਾਸਤੇ ਬਾਰੀਕ-ਬਾਰੀਕ ਕੱਚਾ ਸਿੱਧੀ ਲਕੀਰ ਵਿੱਚ ਕਰ ਲਿਆ ਜਾਂਦਾ ਹੈ ਅਤੇ ਫਿਰ ਧਾਗੇ ਨੂੰ ਇੱਕ ਪਾਸੇ ਤੋਂ ਖਿੱਚ ਕੇ ਚੋਣਾਂ ਸੈਟ ਕਰ ਲਈਆਂ ਜਾਂਦੀਆਂ ਹਨ।

2. **ਮਸ਼ੀਨ ਨਾਲ:-**ਮਸ਼ੀਨ ਨਾਲ ਚੋਣਾਂ ਪਾਉਣ ਵਾਸਤੇ ਟਾਂਕਾ ਆਮ ਟਾਂਕੇ ਨਾਲੋਂ ਵੱਡਾ ਰੱਖਿਆ ਜਾਂਦਾ ਹੈ। ਜਿਸ ਥਾਂ ਤੇ ਚੋਣਾਂ ਪਾਉਣੀਆਂ ਹੋਣ ਉਸ ਥਾਂ ਤੇ 1/4 ਇੰਕ ਇੰਚ ਦੀ ਦੂਰੀ ਤੇ 2 ਸਿਲਾਈਆਂ ਮਾਰ ਲਓ, ਫਿਰ ਮਸ਼ੀਨ ਵਾਲੀ ਸਿਲਾਈ ਵਿੱਚ ਕੇਵਲ ਥੱਲੇ ਵਾਲਾ ਧਾਗਾ ਹੀ ਖਿੱਚਦਾ ਹੈ। ਵਸਤਰ ਦੀ ਜਿੰਨੀ ਚੌੜਾਈ ਰੱਖਣੀ ਹੋਵੇ ਉਸੇ ਅਨੁਸਾਰ ਹੀ ਚੋਣਾਂ ਨੂੰ ਖਿਲਾਰ ਦਿਓ।

## ਪਾਠ-10 (ਪੁਸ਼ਾਕ ਦੀ ਡਰਾਫਟਿੰਗ ਅਤੇ ਸਿਲਾਈ)

## ਵਸਤੂਨਿਸ਼ਠ ਪ੍ਰਸ਼ਨ

**ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ**

**ਪ੍ਰਸ਼ਨ:-1 ਰੌਂਪਰ ਕਿਸ ਉਮਰ ਦੇ ਬੱਚਿਆਂ ਲਈ ਬਣਾਈ ਜਾਂਦੀ ਹੈ?**

ਉੱਤਰ:- ਰੌਂਪਰ 6 ਮਹੀਨੇ ਤੋਂ ਲੈ ਕੇ ਤਿੰਨ ਸਾਲ ਦੇ ਬੱਚਿਆਂ ਲਈ ਬਣਾਈ ਜਾਂਦੀ ਹੈ।

**ਪ੍ਰਸ਼ਨ:-2 ਸਲਵਾਰ ਕਮੀਜ਼ ਦੀ ਲੋਕ ਪ੍ਰਿਅਤਾ ਕਿਉਂ ਵੱਧ ਰਹੀ ਹੈ।**

ਉੱਤਰ:- ਸਲਵਾਰ ਕਮੀਜ਼ ਪੰਜਾਬਣਾਂ ਦੀ ਮਨ ਪਸੰਦ ਪੁਸ਼ਾਕ ਹੈ ਕਿਸੇ ਵੀ ਉਮਰ ਦੀਆਂ ਔਰਤਾਂ ਇਸ ਨੂੰ ਪਾ ਸਕਦੀਆਂ ਹਨ ਇਸ ਦੀ ਸਿਲਾਈ ਵੀ ਆਸਾਨ ਹੈ ਅਤੇ ਪਹਿਨਣ ਲਈ ਵੀ ਅਰਾਮਦਾਇਕ ਹੈ।

**ਖਾਲੀ ਥਾਂਵਾ ਭਰੋ**

1. ਡਰਾਫਟ ਬਣਾਉਣ ਨਾਲ ਕੱਪੜੇ ਦਾ **ਅਨੁਮਾਨ** ਲਗਾਇਆ ਜਾ ਸਕਦਾ ਹੈ।
2. ਸਿਲਾਈ ਇੱਕ **ਕਲਾ** ਹੈ।
3. **ਰੌਂਪਰ** ਵਿੱਚ ਬਾਡੀ ਤੇ ਜਾਂਘੀਆਂ ਮਿਲਾ ਕੇ ਪੁਸ਼ਾਕ ਤਿਆਰ ਕੀਤੀ ਜਾਂਦੀ ਹੈ।
4. ਲੇਡੀਜ਼ ਸੂਟ ਨੂੰ ਆਮ ਤੌਰ ਤੇ **ਸਲਵਾਰ ਕਮੀਜ਼** ਕਿਹਾ ਜਾਂਦਾ ਹੈ।

**ਠੀਕ /ਗਲਤ ਦੱਸੋ**

1. ਇੱਕ ਵਾਰ ਡਰਾਫਟ ਬਣਾਕੇ ਕਈ ਵਾਰ ਕੱਪੜਾ ਕੱਟਿਆ ਜਾ ਸਕਦਾ ਹੈ। (✓)
2. ਰੌਂਪਰ ਖਾਸ ਕਰਕੇ 6 ਮਹੀਨੇ ਤੋਂ 3 ਸਾਲ ਦੇ ਬੱਚਿਆਂ ਦੀ ਪੁਸ਼ਾਕ ਹੈ। (✗)
3. ਡਰਾਫਟਿੰਗ ਆਮ ਤੌਰ ਤੇ ਸਫ਼ੇਦ ਕਾਗਜ਼ ਤੇ ਬਣਾਈ ਜਾਂਦੀ ਹੈ। (✗)
4. ਲੇਡੀਜ਼ ਸੂਟ ਔਰਤਾਂ ਦੀ ਬਹੁਤ ਮਨ ਭਾਉਂਦੀ ਪੁਸ਼ਾਕ ਰਹੀ ਹੈ। (✓)

**ਬਹੁ ਚੋਣਵੇਂ ਪ੍ਰਸ਼ਨ**

1. ਇੱਕ ਵਾਰ ਡਰਾਫਟ ਬਣਾਕੇ ਕਈ ਵਾਰ ਕੱਪੜਾ ਕੱਟਿਆ ਜਾ ਸਕਦਾ ਹੈ, ਜਿਸ ਨਾਲ **ਸਮੇਂ ਦੀ** ਬੱਚਤ ਹੁੰਦੀ ਹੈ।

ਉੱਤਰ:- 1. ਕੱਪੜੇ ਦੀ 2. ਕਾਗਜ਼ ਦੀ 3. **ਸਮੇਂ ਦੀ** (✓) 4. ਚਾਕ ਦੀ

2. ਰੌਂਪਰ ਖਾਸ ਕਰਕੇ ਛੇ ਮਹੀਨੇ ਤੋਂ **ਤਿੰਨ ਸਾਲ** ਤੱਕ ਦੇ ਬੱਚੇ ਲਈ ਬਣਾਇਆ ਜਾਂਦਾ ਹੈ।

ਉੱਤਰ:- 1. ਅੱਠ ਮਹੀਨੇ ਤੱਕ 2. ਇੱਕ ਸਾਲ ਤੱਕ 3. **ਤਿੰਨ ਸਾਲ (✓)**
4. ਪੰਜ ਸਾਲ

3. ਡਰਾਫਟ ਆਮ ਤੌਰ ਤੇ **ਖਾਕੀ ਕਾਗਜ਼** ਤੇ ਬਣਾਇਆ ਜਾਂਦਾ ਹੈ।

ਉੱਤਰ:- 1. ਚਿੱਟੇ ਕਾਗਜ਼ 2. **ਖਾਕੀ ਕਾਗਜ਼ (✓)** 3. ਫਰਾਕ ਤੇ 4. ਕਮੀਜ਼ ਤੇ

4. ਸਲਵਾਰ ਦਾ ਡਰਾਫਟ ਬਣਾਉਂਦੇ ਸਮੇ **ਪੌਂਚੇ ਤੇ ਕੁੰਦੇ** ਅਲੱਗ-ਅਲੱਗ ਲਏ ਜਾਂਦੇ ਹਨ।

ਉੱਤਰ:- 1. ਨੇਫਾ ਤੇ ਆਸਨ 2. ਪੌਂਚਾ ਤੇ ਲੰਬਾਈ 3. **ਪੌਂਚੇ ਤੇ ਕੁੰਦੇ (✓)**
4. ਲੰਬਾਈ ਤੇ ਚੌੜਾਈ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-1 **ਡਰਾਫਟ ਬਣਾਉਣ ਦੇ ਕੀ ਲਾਭ ਹਨ?**

ਉੱਤਰ- 1. ਜੇਕਰ ਸਹੀ ਡਰਾਫਟ ਬਣਾ ਲਿਆ ਜਾਵੇ ਤਾਂ ਕੱਪੜੇ ਦੀ ਕਟਾਈ ਗਲਤ ਨਹੀਂ ਹੋ ਸਕਦੀ।

2. ਡਰਾਫਟ ਬਣਾਉਣ ਨਾਲ ਕੱਪੜੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

3. ਡਰਾਫਟ ਕੱਪੜੇ ਉੱਪਰ ਰੱਖਕੇ ਕੱਟਣ ਨਾਲ ਕੱਪੜਾ ਵਿਅਰਥ ਨਹੀਂ ਜਾਂਦਾ ਸਗੋਂ ਪੂਰਾ-ਪੂਰਾ ਪ੍ਰਯੋਗ ਹੁੰਦਾ ਹੈ।

4. ਇੱਕ ਡਰਾਫਟ ਨਾਲ ਕਈ ਵਾਰ ਕੱਪੜਾ ਕੱਟਿਆ ਜਾ ਸਕਦਾ ਹੈ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ-1 **ਡਰਾਫਟ ਬਣਾਉਣ ਦੇ ਕੀ ਲਾਭ ਹਨ?**

ਉੱਤਰ- 1. ਜੇਕਰ ਸਹੀ ਡਰਾਫਟ ਬਣਾ ਲਿਆ ਜਾਵੇ ਤਾਂ ਕੱਪੜੇ ਦੀ ਕਟਾਈ ਗਲਤ ਨਹੀਂ ਹੋ ਸਕਦੀ।

2. ਡਰਾਫਟ ਬਣਾਉਣ ਨਾਲ ਕੱਪੜੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

3. ਡਰਾਫਟ ਕੱਪੜੇ ਉੱਪਰ ਰੱਖਕੇ ਕੱਟਣ ਨਾਲ ਕੱਪੜਾ ਵਿਅਰਥ ਨਹੀਂ ਜਾਂਦਾ ਸਗੋਂ ਪੂਰਾ-ਪੂਰਾ ਪ੍ਰਯੋਗ ਹੁੰਦਾ ਹੈ।

4. ਇੱਕ ਡਰਾਫਟ ਨਾਲ ਕਈ ਵਾਰ ਕੱਪੜਾ ਕੱਟਿਆ ਜਾ ਸਕਦਾ ਹੈ।

5. ਕਾਗਜ਼ ਤੇ ਡਰਾਫਟ ਬਣਾਉਂਦੇ ਸਮੇਂ ਕਟਾਈ ਵਾਲੀ ਕੋਈ ਵੀ ਸ਼ੇਪ ਰਬੜ ਨਾਲ ਮਿਟਾਕੇ ਦੁਬਾਰਾ ਸਹੀ ਕੀਤੀ ਜਾ ਸਕਦੀ ਹੈ।

## ਪਾਠ-11 (ਕੱਪੜਿਆਂ ਦੀ ਮੁਰੰਮਤ)

## ਵਸਤੂਨਿਸ਼ਠ ਪ੍ਰਸ਼ਨ

**ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ**

**ਪ੍ਰਸ਼ਨ:-1 ਕੱਪੜਿਆਂ ਦੀ ਮੁਰੰਮਤ ਕਰਨ ਦੇ ਦੋ ਤਰੀਕਿਆਂ ਦੇ ਨਾਂ ਲਿਖੋ।**

ਉੱਤਰ:- 1. ਸਿਊਣ ਲਗਾ ਕੇ 2. ਟਾਕੀ ਲਗਾਕੇ

**ਪ੍ਰਸ਼ਨ:-2 ਰਫੂ ਕਰਨ ਲਈ ਕਿਸ ਤਰ੍ਹਾਂ ਦੀ ਸੂਈ ਦਾ ਪ੍ਰਯੋਗ ਕੀਤਾ ਜਾਂਦਾ ਹੈ?**

ਉੱਤਰ:- ਰਫੂ ਕਰਨ ਲਈ ਲੰਬੀ, ਬਰੀਕ ਅਤੇ ਲੰਬੇ ਨੱਕੇ ਵਾਲੀ ਸੂਈ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਪ੍ਰਸ਼ਨ:-3 ਟਾਕੀ ਲਾਉਣ ਲਈ ਧਾਗਾ ਕਿਹੋ ਜਿਹਾ ਇਸਤੇਮਾਲ ਕਰਨਾ ਚਾਹੀਦਾ ਹੈ?**

ਉੱਤਰ:- ਟਾਕੀ ਲਾਉਂਦੇ ਸਮੇਂ ਧਾਗਾ ਕੱਪੜੇ ਦੀ ਕਿਸਮ ਦਾ ਹੋਣਾ ਚਾਹੀਦਾ ਹੈ। ਨਮੂਨੇਦਾਰ ਕੱਪੜੇ ਵਿੱਚ ਧਾਗੇ ਦੇ ਰੰਗ ਦੀ ਚੋਣ ਕੱਪੜੇ ਦੇ ਰੰਗ ਵਰਗੀ ਹੋਣੀ ਚਾਹੀਦੀ ਹੈ।

**ਖਾਲੀ ਥਾਂਵਾ ਭਰੋ**

1. ਕੱਪੜਿਆਂ ਦੀ ਮੁਰੰਮਤ ਤਿੰਨ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ।

2. ਟਾਕੀ ਲਾਉਣ ਵੇਲੇ **<u>ਬਰੀਕ</u>** ਸੂਈ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

3. ਪ੍ਰਿੰਟ ਜਾਂ ਨਮੂਨੇ ਵਾਲੀ ਟਾਕੀ **<u>ਸਿੱਧੇ</u>** ਪਾਸੇ ਤੋਂ ਲਗਾਈ ਜਾਂਦੀ ਹੈ।

4. ਰਫੂ ਦੇ ਟਾਂਕੇ ਕੱਪੜੇ ਦੀ **<u>ਬੁਣਾਈ</u>** ਮੁਤਾਬਕ ਲੈਣੇ ਚਾਹੀਦੇ ਹਨ।

**ਗਲਤ/ਠੀਕ ਦੱਸੋ**

1. ਕੱਪੜੇ ਦੀ ਮੁਰੰਮਤ ਕਰਨਾ ਵੀ ਇੱਕ ਕਲਾ ਹੈ। (✓)

2. ਕੱਪੜੇ ਦੀ ਮੁਰੰਮਤ ਪੰਜ ਤਰੀਕਿਆਂ ਨਾਲ ਕੀਤੀ ਜਾਂਦੀ ਹੈ। (✗)

3. ਟਾਕੀ ਲਗਾਉਣ ਲਈ ਧਾਗਾ ਕੱਪੜੇ ਦੇ ਧਾਗੇ ਵਰਗਾ ਹੋਣਾ ਚਾਹੀਦਾ ਹੈ। (✓)

4. ਰਫੂ ਕਰਨ ਲਈ ਹਮੇਸ਼ਾ ਲੰਬੀ, ਬਰੀਕ ਅਤੇ ਲੰਬੇ ਨੱਕੇ ਵਾਲੀ ਸੂਈ ਦਾ ਪ੍ਰਯੋਗ ਕਰੋ। (✓)

**ਬਹੁ ਚੋਣਵੇਂ ਪ੍ਰਸ਼ਨ**

1. ਕੱਪੜਿਆਂ ਦੀ ਮੁਰੰਮਤ **ਤਿੰਨ** ਤਰੀਕਿਆਂ ਨਾਲ ਕੀਤੀ ਜਾਂਦੀ ਹੈ

ਉੱਤਰ:- 1. ਦੋ 2. **ਤਿੰਨ** (✓) 3. ਚਾਰ 4. ਛੇ

2. ਪ੍ਰਿੰਟ ਕੱਪੜੇ ਤੇ ਟਾਕੀ **ਪ੍ਰਿੰਟ ਨਾਲ ਮਿਲਾ ਕੇ** ਲਗਾਈ ਜਾਂਦੀ ਹੈ।

ਉੱਤਰ:- 1. ਪਲੇਟ ਕੱਪੜੇ ਦੀ 2. ਧਾਗੇ ਨਾਲ 3. **ਪ੍ਰਿੰਟ ਨਾਲ ਮਿਲਾ ਕੇ** (✓) 4. ਨਹੀਂ

3. ਰਫੂ ਦੇ ਟਾਂਕੇ ਕੱਪੜੇ ਦੀ **ਬੁਣਾਈ** ਮੁਤਾਬਕ ਹੀ ਲੈਣੇ ਚਾਹੀਦੇ ਹਨ।

ਉੱਤਰ:- 1. ਰੰਗਤ 2. ਕਟਾਈ 3. ਸਿਲਾਈ 4. **ਬੁਣਾਈ** (✓)

4. ਤਿਰਛੇ ਚੀਰ ਨੂੰ ਰਫੂ ਕਰਨ ਤੋਂ ਪਹਿਲਾਂ **ਖੇਸ** ਸਿਲਾਈ ਨਾਲ ਸਿਊਂ ਲੈਣਾ ਚਾਹੀਦਾ ਹੈ।

ਉੱਤਰ:- 1. ਸਾਦੀ 2. ਗੁੰਮ 3. **ਖੇਸ** (✓) 4. ਚੱਦਰ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:-1 ਕੱਪੜੇ ਦੀ ਮੁਰੰਮਤ ਕਰਨ ਲਈ ਤਿੰਨ ਤਰੀਕਿਆਂ ਦੇ ਨਾਂ ਲਿਖੋ।**

ਉੱਤਰ- ਕੱਪੜਿਆਂ ਦੀ ਮੁਰੰਮਤ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾਂਦੀ ਹੈ:-

1. ਸਿਊਂਣ ਲਗਾਕੇ
2. ਟਾਕੀ ਲਗਾ ਕੇ
3. ਰਫੂ ਕਰਕੇ

**ਪ੍ਰਸ਼ਨ:-2 ਟਾਕੀ ਲਗਾਉਣ ਸਮੇਂ ਕਿਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ?**

ਉੱਤਰ- ਨਮੂਨੇਦਾਰ ਟਾਕੀ ਲਾਉਂਦੇ ਸਮੇਂ ਟਾਕੀ ਨਮੂਨੇ ਨਾਲ ਮਿਲਾ ਕੇ ਲਾਉਣੀ ਚਾਹੀਦੀ ਹੈ। ਟਾਕੀ ਕੱਪੜੇ ਦੇ ਤਾਣੇ ਪੇਟੇ ਨੂੰ ਧਿਆਨ ਵਿੱਚ ਰੱਖਕੇ ਲਾਉਣੀ ਚਾਹੀਦੀ ਹੈ ਤਾਂ ਕਿ ਟਾਕੀ ਦਾ ਪਤਾ ਨਾ ਲੱਗੇ। ਟਾਕੀ ਲਾਉਣ ਲਈ ਬਰੀਕ ਸੂਈ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਟਾਕੀ ਲਾਉਂਦੇ ਸਮੇਂ ਧਾਗਾ ਕੱਪੜੇ ਵਿੱਚੋਂ ਹੀ ਤੰਦਾਂ ਕੱਢ ਕੇ ਲਗਾਇਆ ਜਾਵੇ ਤਾਂ ਨਜ਼ਰ ਨਹੀਂ ਆਵੇਗਾ।

**ਪ੍ਰਸ਼ਨ:-3 ਟਾਕੀ ਲਾਉਣ ਲੱਗਿਆਂ ਧਾਗਾ ਕਿਹੋ ਜਿਹਾ ਇਸਤੇਮਾਲ ਕਰਨਾ ਚਾਹੀਦਾ ਹੈ?**

ਉੱਤਰ- ਟਾਕੀ ਲਾਉਣ ਲੱਗਿਆਂ ਧਾਗਾ ਕੱਪੜੇ ਦੇ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਨਮੂਨੇਦਾਰ ਕੱਪੜੇ ਵਿੱਚ ਧਾਗੇ ਦੇ ਰੰਗ ਦੀ ਚੋਣ ਕੱਪੜੇ ਦੇ ਤਾਣੇ ਪੇਟੇ ਦਾ ਧਿਆਨ ਰੱਖਦੇ ਹੋਏ ਕੱਪੜੇ ਵਿੱਚੋਂ ਹੀ ਤੰਦਾਂ ਕੱਢ ਲਈਆਂ ਜਾਂਦੀਆਂ ਹਨ ਤਾਂ ਕਿ ਰਫੂ ਕੀਤਾ ਹੋਇਆ ਨਜ਼ਰ ਨਾ ਆਵੇ।

**ਪ੍ਰਸ਼ਨ:-4. ਰਫੂ ਲਈ ਕਿਸ ਤਰ੍ਹਾਂ ਦੀ ਸੂਈ ਦਾ ਪ੍ਰਯੋਗ ਕੀਤਾ ਜਾਂਦਾ ਹੈ?**

ਉੱਤਰ- ਰਫੂ ਫਟੇ ਹੋਏ ਕੱਪੜੇ ਦੀ ਮੁਰੰਮਤ ਕਰਨ ਲਈ ਕੀਤਾ ਜਾਂਦਾ ਹੈ। ਰਫੂ ਕਰਨ ਲਈ ਹਮੇਸ਼ਾ ਸੂਈ ਲੰਬੀ, ਬਰੀਕ ਅਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ ਤਾਂ ਕਿ ਰਫੂ ਸਫ਼ਾਈ ਨਾਲ ਹੋ ਸਕੇ। ਮੋਟੀ ਜਾਂ ਸਧਾਰਨ ਸੂਈ ਨਾਲ ਕੱਪੜੇ ਵਿੱਚ ਮੋਰੀਆਂ ਨਜ਼ਰ ਆਉਂਦੀਆਂ ਹਨ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ-1 ਟਾਕੀ ਲਗਾਉਣ ਦਾ ਤਰੀਕਾ ਵਿਸਥਾਰ ਨਾਲ ਸਮਝਾਓ?**

ਉੱਤਰ- ਜਦੋਂ ਕਿਸੇ ਵੀ ਕੱਪੜੇ ਦੇ ਫਟੇ ਹੋਏ ਸਥਾਨ ਉੱਤੇ ਦੂਜੇ ਕੱਪੜੇ ਦਾ ਟੁੱਕੜਾ ਲਗਾਕੇ ਮੁਰੰਮਤ ਕੀਤੀ ਜਾਵੇ ਤਾਂ ਇਸ ਨੂੰ ਟਾਕੀ ਲਾਉਣਾ ਕਹਿੰਦੇ ਹਨ। ਜਦੋਂ ਕੱਪੜਾ ਕਿਸੇ ਸਥਾਨ ਤੋਂ ਫੱਟ ਜਾਵੇ ਜਾਂ ਘੱਸ ਜਾਵੇ ਜਾਂ ਸੜ ਜਾਵੇ ਤਾਂ ਟਾਕੀ ਦੀ ਵਰਤੋਂ ਕੀਤੀ ਜਾਂਦੀ ਹੈ ਇਹ ਦੋ ਤਰ੍ਹਾਂ ਦੀ ਹੁੰਦੀ ਹੈ:-

1. ਸਾਦੀਂ ਟਾਕੀ

2. ਨਮੂਨੇ ਵਾਲੀ ਟਾਕੀ

ਟਾਕੀ ਲਾਉਣ ਵੇਲੇ ਸਾਨੂੰ ਬਰੀਕ ਸੂਈ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਟਾਕੀ ਕੱਪੜੇ ਦੇ ਤਾਣੇ ਤੇ ਪੇਟੇ ਨਾਲ ਮਿਲਾਕੇ ਲਾਉਣੀ ਚਾਹੀਦੀ ਹੈ ਨਮੂਨੇ ਵਾਲੇ ਕੱਪੜੇ ਟਾਕੀ ਨਮੂਨੇ ਨਾਲ ਮਿਲਾਕੇ ਹੀ ਲਗਾਉਣੀ ਚਾਹੀਦੀ ਹੈ ਤਾਂ ਜੋ ਟਾਕੀ ਦਾ ਪਤਾ ਨਾ ਲੱਗ ਸਕੇ। ਟਾਕੀ ਲਾਉਂਦੇ ਸਮੇਂ ਧਾਗੇ ਦਾ ਇਸਤੇਮਾਲ ਵੀ ਕੱਪੜੇ ਦੀ ਕਿਸਮ ਅਨੁਸਾਰ ਹੀ ਹੋਣਾ ਚਾਹੀਦਾ ਹੈ। ਨਮੂਨੇਦਾਰ ਕੱਪੜੇ ਵਿੱਚ ਧਾਗੇ ਦੇ ਰੰਗ ਦੀ ਚੋਣ ਕੱਪੜੇ ਦੇ ਮੁੱਖ ਰੰਗ ਅਨੁਸਾਰ ਕਰਨੀ ਚਾਹੀਦੀ ਹੈ। ਬਹੁਤ ਜ਼ਿਆਦਾ ਪੁਰਾਣੇ ਕੱਪੜੇ ਤੇ ਟਾਕੀ ਨਹੀਂ ਲਾਉਣੀ ਚਾਹੀਦੀ।

**ਪ੍ਰਸ਼ਨ-2 ਰਫੂ ਕਰਨ ਵੇਲੇ ਧਿਆਨ ਰੱਖਣ ਯੋਗ ਗੱਲਾਂ ਕਿਹੜੀਆਂ ਹਨ?**

ਉੱਤਰ-1. ਰਫੂ ਕਰਨ ਲਈ ਹਮੇਸ਼ਾ ਲੰਬੀ, ਬਰੀਕ ਅਤੇ ਲੰਬੇ ਨੱਕੇ ਵਾਲੀ ਸੂਈ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

2. ਰਫੂ ਕਰਨ ਲਈ ਧਾਗਾ ਹਮੇਸ਼ਾ ਕੱਪੜੇ ਦੇ ਧਾਗੇ ਦੇ ਰੰਗ ਬਣਤਰ ਅਤੇ ਮੋਟਾਈ ਵਿੱਚ ਮੇਲ ਖਾਂਦਾ ਹੋਣਾ ਚਾਹੀਦਾ ਹੈ।

3. ਜੇਕਰ ਕੱਪੜਾ ਬਹੁਤ ਪਤਲਾ ਹੋਵੇ ਤਾਂ ਕੱਪੜੇ ਦੇ ਹੇਠਾਂ ਕਾਗਜ਼ ਰੱਖਕੇ ਕੱਪੜੇ ਨੂੰ ਸਹਾਰਾ ਦਿੱਤਾ ਜਾ ਸਕਦਾ ਹੈ ਤਾਂ ਕਿ ਕੱਪੜੇ ਦਾ ਆਕਾਰ ਖਰਾਬ ਨਾ ਹੋਵੇ।

4. ਕੱਪੜੇ ਦਾ ਪੁੱਠਾ ਪਾਸਾ ਉੱਪਰ ਵੱਲ ਰੱਖਕੇ ਰਫੂ ਕਰਨਾ ਚਾਹੀਦਾ ਹੈ।

5. ਰਫੂ ਕੱਪੜੇ ਦੀ ਫਟੀ ਹੋਈ ਥਾਂ ਤੋਂ ਅੱਧਾ ਇੰਚ ਦੀ ਦੂਰੀ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਕਿ ਆਸ ਪਾਸ ਦਾ ਕੱਪੜਾ ਪਕੜ ਵਿੱਚ ਆ ਜਾਵੇ।

6. ਰਫੂ ਲਈ ਟਾਂਕਾ ਇੱਕੋ ਹੀ ਥਾਂ ਤੋਂ ਬਾਰ-ਬਾਰ ਨਹੀਂ ਕੱਢਣਾ ਚਾਹੀਦਾ।

7. ਰਫੂ ਦੇ ਟਾਂਕੇ ਕੱਪੜੇ ਦੀ ਬੁਣਾਈ ਮੁਤਾਬਕ ਹੋਣੇ ਚਾਹੀਦੇ ਹਨ।

8. ਰਫੂ ਦੀ ਇੱਕ ਲਾਈਨ ਨੂੰ ਖਤਮ ਕਰਕੇ ਦੁਬਾਰਾ ਦੂਜੀ ਲਾਈਨ ਬਣਾਉਣ ਸਮੇਂ ਧਾਗਾ ਢਿੱਲਾ ਛੱਡਣਾ ਚਾਹੀਦਾ ਹੈ।

**ਪ੍ਰਸ਼ਨ-3 ਨਮੂਨੇ ਵਾਲੀ ਅਤੇ ਸਾਦੀ ਟਾਕੀ ਲਗਾਉਣ ਵਿੱਚ ਕੀ ਅੰਤਰ ਹੈ?**

ਉੱਤਰ- **ਨਮੂਨੇ ਵਾਲੀ ਟਾਕੀ-**

1. ਇਹ ਟਾਕੀ ਨਮੂਨੇਦਾਰ, ਪ੍ਰਿੰਟਡ, ਜਾਂ ਲਾਈਨਦਾਰ ਹੁੰਦੀ ਹੈ।
2. ਨਮੂਨੇ ਵਾਲੀ ਟਾਕੀ ਕੱਪੜੇ ਦੇ ਸਿੱਧੇ ਪਾਸੇ ਲਗਾਈ ਜਾਂਦੀ ਹੈ।
3. ਨਮੂਨੇਦਾਰ ਟਾਕੀ ਪ੍ਰਿੰਟ ਨਾਲ ਪ੍ਰਿੰਟ ਮਿਲਾਕੇ ਜਾਂ ਲਾਈਨ ਨਾਲ ਲਾਈਨ ਮਿਲਾਕੇ ਲਗਾਈ ਜਾਂਦੀ ਹੈ ਤਾਂ ਕਿ ਟਾਕੀ ਲੱਗੀ ਹੋਈ ਨਾ ਨਜ਼ਰ ਆਵੇ।

**ਸਾਦੀ ਟਾਕੀ:-**

1. ਇਹ ਟਾਕੀ ਪਲੇਨ ਕਿਸੇ ਵੀ ਰੰਗ ਦੀ ਹੁੰਦੀ ਹੈ।
2. ਸਾਦੀ ਟਾਕੀ ਕੱਪੜੇ ਦੇ ਸਿੱਧੇ ਪਾਸੇ ਲਗਾਈ ਜਾਂਦੀ ਹੈ।
3. ਸਾਦੀ ਟਾਕੀ ਵਿੱਚ ਪ੍ਰਿੰਟ ਜਾਂ ਲਾਈਨ ਮਿਲਾਉਣ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਇਹ ਪਲੇਨ ਹੁੰਦੀ ਹੈ।

**ਪ੍ਰਸ਼ਨ-4 ਤਿਰਛੇ ਚੀਰ ਨੂੰ ਰਫੂ ਕਰਨ ਦਾ ਤਰੀਕਾ ਲਿਖੋ।**

ਉੱਤਰ- **ਤਿਰਛੇ ਚੀਰ ਨੂੰ ਰਫੂ ਕਰਨਾਂ:-** ਇਸ ਨੂੰ ਪਹਿਲਾਂ ਖੇਸ ਸਿਲਾਈ ਕਰਕੇ ਸਿਉਂ ਲੈਣਾ ਚਾਹੀਦਾ ਹੈ ਅਤੇ ਬਾਅਦ ਵਿੱਚ ਸੂਈ ਧਾਗੇ ਨਾਲ ਚੀਰ ਦੇ ਆਸਪਾਸ ਲੰਬਾਈ ਦੇ ਰੁੱਖ ਵਿੱਚ ਬੁਣਾਈ ਕਰੋ। ਬੁਣਾਈ ਦੇ ਟਾਂਕੇ ਤਿਰਛੀ ਕਾਟ ਦੇ ਨਾਲ-ਨਾਲ ਉੱਪਰ ਜਾਣੇ ਚਾਹੀਦੇ ਹਨ ਤਾਂ ਕਿ ਕੱਟ ਦੇ ਆਸ-ਪਾਸ ਅੱਧਾ ਇੰਚ ਰਫੂ ਕੀਤਾ ਜਾ ਸਕੇ। ਠੀਕ ਇਸੇ ਤਰ੍ਹਾਂ ਚੌੜਾਈ ਵਾਲੇ ਪਾਸੇ ਤੋਂ ਵੀ ਅੱਧਾ ਇੰਚ ਆਸ-ਪਾਸ ਰਫੂ ਕਰੋ। ਰਫੂ ਲੰਬੀ ਬਰੀਕ ਤੇ ਲੰਬੇ ਨੱਕੇ ਵਾਲੀ ਸੂਈ ਨਾਲ ਕਰਨਾ ਚਾਹੀਦਾ ਹੈ। ਇੱਕ ਹੀ ਥਾਂ ਤੋਂ ਬਾਰ-ਬਾਰ ਸੂਈ ਨਹੀਂ ਕੱਢਣੀ ਚਾਹੀਦੀ। ਇਸ ਤਰ੍ਹਾਂ ਕਰਨ ਨਾਲ ਕੱਪੜਾ ਅਜਿਹੀਆਂ ਥਾਵਾਂ ਤੋਂ ਖਿੱਚ ਨਾਲ ਫੱਟ ਸਕਦਾ ਹੈ।